Akhand Kirtani Jatha (Regd.) Chandigarh

# ਆਤਮ ਰੰਗ

ਜਿਲਦ ੨੭ ਜਨਵਰੀ 2022 ਪੋਹ-ਮਾਘ 553 ਨਾਨਕਸ਼ਾਹੀ January 2022 ਅੰਕ 1

## ਤਹੀ ਪ੍ਰਕਾਸ ਹਮਾਰਾ ਭਯੋ ਪਟਨਾ ਸਹਰ ਬਿਖੈ ਭਵ ਲਯੋ



ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਪਾਵਨ ਧਰਤ ’ਤੇ ਹੋਇਆ। ਸਾਹਿਬਾਂ ਨੇ ਇਥੇ ਬਾਲ ਲੀਲ੍ਹਾ ਦੀਆਂ ਖੇਡਾਂ ਖੇਡ ਖੇਡ, ਸ੍ਰੀ ਅਨੰਦਪੁਰ ਨੂੰ ਚਾਲੇ ਪਾਏ। ਸਿੱਖੀ ਪ੍ਰਚਾਰ ਦਾ ਧੁਰਾ ਪਟਨਾ ਸਾਹਿਬ ਗੁਰੂ-ਪੰਥ ਵਲੋਂ ਪ੍ਰਵਾਣਿਤ ਤੇ ਸਵੀਕਾਰਤ ਦੂਸਰਾ ਤਖ਼ਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸਾਰਾ ਸੰਸਾਰ 09.01.2022 ਨੂੰ ਪ੍ਰੇਮ ਪੁਰਵਕ ਮਨਾ ਰਿਹਾ ਹੈ। ਆਖੰਡ ਕੀਰਤਨੀ ਜੱਥਿਆਂ ਵੱਲੋਂ ਤੇ ਅਖੰਡ ਕੀਰਤਨੀ ਜੱਥਾ, ਲੁਧਿਆਣਾ ਵੱਲੋਂ ਇਹ ਪ੍ਰਕਾਸ਼ ਪੁਰਬ 02 ਜਨਵਰੀ 2022 ਤੋਂ ਲੈ ਕੇ 06 ਜਨਵਰੀ 2022 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ, ਲੁਧਿਆਣਾ ਵਿਖੇ ਮਨਾਇਆ ਜਾਵੇਗਾ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ ਜਾਣ ਜੀ।

**ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥**

**ਭਗਤਿ ਭਾਇ ਹਰਿ ਕੀਰਤਨੁ ਕਰੀਐ ॥**



















ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ। ਜਿਨ੍ਹਾਂ ਦੀ ਪਹਿਲੀ ਸਲਾਨਾ ਮਿੱਠੀ ਤੇ ਨਿੱਘੀ ਯਾਦ ਸਮੂਹ ਅਖੰਡ ਕੀਰਤਨੀ ਜੱਥਿਆਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਤੀ 11 ਦਸੰਬਰ 2021 ਦਿਨ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਉਨ੍ਹਾਂ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ 9 ਵਜੇ ਤੋਂ ਲੈ ਕੇ 4 ਵਜੇ ਤਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸੈਕਟਰ 34, ਚੰਡੀਗੜ੍ਹ ਵਿਖੇ ਮਨਾਈ ਗਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ੴ ਠਾਕੁਰ ਗਾਈਐ ਆਤਮ ਰੰਗਿ ੴ

Akhand Kirtani Jatha (Regd.) Chandigarh

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

*ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।*

ਜਿਲਦ ੨੭ ਜਨਵਰੀ 2022 ਪੋਹ-ਮਾਘ 553 ਨਾਨਕਸ਼ਾਹੀ January 2022 ਅੰਕ 1



***ਬਾਨੀ ਤੇ ਸਾਬਕਾ ਮੁੱਖ ਸੰਪਾਦਕ***
*ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ*

***ਮੁੱਖ ਸੰਪਾਦਕ*** *- ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

***ਦਫ਼ਤਰ***
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245*

**E-mail :** atamrang3@gmail.com

***ਕਾਨੂੰਨੀ ਸਲਾਹਕਾਰ***
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*


## ਚੰਦਾ

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

**"This Gurmat Magazine contains Gurbani, please treat with respect."**
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

## ਤਤਕਰਾ


- ਸੰਪਾਦਕੀ 4
- ਬਾਰਹ ਮਾਹ ਕਥਾ - *(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ* 5
- ਅਣਡਿੱਠੀ ਦੁਨੀਆ 6
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਜ਼ਾਹਰ ਜ਼ਹੂਰ ਗੁਰੂ ਗੋਬਿੰਦ ਸਿੰਘ 8
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸਗੁਰੇ ਹੋਣ ਦੀ ਜੁਗਤੀ ਅੰਮ੍ਰਿਤ-ਮਰਯਾਦਾ ਵਿਚ ਹੀ ਹੈ 10
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ 11
  *- ਪ੍ਰਿੰਸੀਪਲ ਜਗਜੀਤ ਸਿੰਘ ਜੀ, ਮੋਹਾਲੀ*
- ਗੁਰੂ ਗੋਬਿੰਦ ਸਿੰਘ ਜੀ - ਬਹੁਪੱਖੀ ਸ਼ਖ਼ਸੀਅਤ 14
  *- ਭਾਈ ਅਮਰਿੰਦਰ ਸਿੰਘ ਜੀ, ਸਾਬਕਾ ਮੈਂਬਰ ਐਸ.ਜੀ.ਪੀ.ਸੀ.*
- ਦਸਮੇਸ਼ ਜੀ ਦੇ ਧੰਨ ਧੰਨ ਪਿਆਰੇ 18
  *- (ਗੁਰਪੁਰਵਾਸੀ) ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ*
- ਗੁਰੂ ਗੋਬਿੰਦ ਸਿੰਘ ਦੇ ਨਾਲ ਦਾ 19
  *- ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ*
- ਗੁਰੂ ਗੋਬਿੰਦ ਸਿੰਘ ਜੀ 20
  *- ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ*
- ਸਾਹਿਬੇ ਕਮਾਲ 21
  *- ਪਾਂਧੀ ਨਨਕਾਣਵੀ*
- ਦਸਮੇਸ਼ ਪਿਤਾ ਜੀ ਦੀ ਬਹੁਪੱਖੀ ਸ਼ਖ਼ਸੀਅਤ 22
  *- (ਸਵਰਗੀ) ਪ੍ਰਿੰਸੀਪਲ ਹਰਿਭਜਨ ਸਿੰਘ ਜੀ, ਚੰਡੀਗੜ੍ਹ*


**ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।**


*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*



ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

## ਸੰਪਾਦਕੀ...

ਸਮੂਹ ਪਾਠਕਾਂ ਨੂੰ 'ਆਤਮ ਰੰਗ' ਪਰਿਵਾਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼-ਪੁਰਬ ਦੀ ਲੱਖ ਲੱਖ ਵਧਾਈ ਹੋਵੇ। ਕੁਝ ਅਜੀਵ ਕਾਰਨਾਂ ਕਰਕੇ ਦਸਵੇਂ ਪਾਤਸ਼ਾਹ ਦੀ ਬਾਨੀ ਦੀਆਂ ਮੂਲ ਧਾਰਨਾਵਾਂ ਵੱਲ ਸਿਖ ਸੰਗਤਾਂ ਦਾ ਧਿਆਨ ਘਟਦਾ ਦਿਸਦਾ ਹੈ। ਅਸੀਂ ਉਹਨਾਂ ਕਾਰਨਾਂ ਦੇ ਜ਼ਿਕਰ ਤੋਂ ਸੰਕੋਚ ਕਰਦੇ ਹੋਏ ਕੁਝ ਪ੍ਰਮੁੱਖ ਵਿਚਾਰ ਦਸਵੇਂ ਪਾਤਸ਼ਾਹ ਦੀ ਰਚਿਤ ਬਾਣੀ 'ਅਕਾਲ ਉਸਤਤਿ' ਅਤੇ 'ਜਾਪੁ ਸਾਹਿਬ' ਵਿੱਚੋਂ ਪਾਠਕਾਂ ਨਾਲ ਸਾਂਝੇ ਕਰਦੇ ਹਾਂ। ਦਸਵੇਂ ਪਾਤਸ਼ਾਹ ਦੀ ਅਧਿਆਤਮਿਕ ਵਿਚਾਰਧਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਗਤੀ ਪ੍ਰਧਾਨ ਮੂਲ ਵਿਚਾਰਧਾਰਾ ਨੂੰ ਇਕ ਨਵੇਂ ਅੰਦਾਜ਼ ਵਿਚ ਉਸ ਸਮੇਂ ਦੀਆਂ ਸੰਗਤਾਂ ਸਾਹਮਣੇ ਰੱਖਿਆ ਗਿਆ। ਸਤਿਗੁਰੂ ਜੀ ਦਾ ਅੰਦਾਜ਼ੇ-ਬਿਆਨ ਮੌਲਿਕ ਅਤੇ ਉਸ ਸਮੇਂ ਦੀਆਂ ਪ੍ਰਚਲਿਤ ਬੋਲੀਆਂ ਅਤੇ ਕਾਵਿ-ਰੂਪਾਂ ਨਾਲ ਸਜਾਇਆ ਹੋਇਆ ਹੈ –

***ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥***
***ਨਮਸਤੰ ਅਮਜਬੇ ॥ਨਮਸਤਸਤੁ ਅਜਬੈ ॥***
***ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥***
***ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥***

ਅਕਾਲ ਪੁਰਖ ਇਕ ਹੈ, ਪਰ ਇਕ ਹੁੰਦੇ ਹੋਏ ਭੀ ਸਰਬ-ਵਿਆਪੀ ਹੈ, ਅਨੇਕਾਂ ਰੂਪਾਂ ਰੰਗਾਂ ਵਿਚ ਰਵਿਆ ਹੋਇਆ ਹੈ। ਉਸਦਾ ਕੋਈ ਮਜ਼ਹਬ ਨਹੀਂ, ਉਹ ਸਭ ਦਾ ਕਾਲ ਹੈ, ਸਭ ਨੂੰ ਪੈਦਾ ਕਰਨ ਵਾਲਾ ਹੈ। ਉਹ "ਪ੍ਰਣਵੋ ਆਦਿ ਏਕੰਕਾਰਾ" ਹੈ। ਉਹ "ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥128 ॥" (ਜਾਪੁ) ਹੈ। ਉਹ ਪਰਮ-ਸੱਤਾ ਅਜੋਨੀ ਹੈ, ਆਪਣੇ ਆਪ ਹੋਂਦ ਵਿਚ ਆਈ। ਉਹ ਸੈਭੰ ਹੈ। 'ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥199 ॥" (ਜਾਪੁ ਸਾਹਿਬ)।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮ-ਸੱਤਾ ਨੂੰ ਕਿਰਪਾਲੂ, ਦਿਆਲੂ ਅਤੇ ਜੁਗਾਂ ਜੁਗਾਂ ਤੋਂ ਭਗਤਾਂ ਦਾ ਸਹਾਈ ਮੰਨਿਆ ਗਿਆ ਹੈ। ਇਹ ਅਕਾਲ ਪੁਰਖ ਦਾ ਕੋਮਲ ਰੂਪ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸ਼ਹੀਦੀਆਂ ਨੇ ਸਿੱਖ ਗੁਰੂ ਸਾਹਿਬਾਨ ਦੀ ਸੋਚ ਵਿਚ ਤਬਦੀਲੀ ਲਿਆਉਣੀ ਸ਼ੁਰੂ ਕੀਤੀ। ਦਸਵੇਂ ਸਤਿਗੁਰੂ ਜੀ ਦੇ ਸਮੇਂ ਤਕ ਸਮਾਜਿਕ ਅਤੇ ਰਾਜਨੀਤਕ ਤਬਦੀਲੀਆਂ ਨੂੰ ਮੁਖ ਰੱਖਦਿਆਂ ਉਪਰੋਕਤ ਦੋ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਤੋਂ ਸਿੱਖ ਸੰਗਤਾਂ ਵਿਚ ਜੋ ਭੈ-ਭੀਤ ਦਸ਼ਾ ਆਈ, ਉਸ ਤੋਂ ਉਭਾਰਨ ਲਈ ਵੀਰਤਾ ਦੀ ਭਾਵਨਾ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ, ਧਰਮ-ਯੁੱਧ ਦੀ ਪ੍ਰੇਰਨਾ ਦੇਣ ਲਈ ਦਸਵੇਂ ਸਤਿਗੁਰੂ ਜੀ ਨੇ ਵੀਰਤਾ ਭਰਪੂਰ ਸਾਹਿਤ ਦੀ ਰਚਨਾ ਆਪ ਭੀ ਕੀਤੀ ਅਤੇ ਆਪਣੇ 52 ਕਵੀਆਂ ਪਾਸੋਂ ਭੀ ਕਰਵਾਈ।

ਇਸ ਦੇ ਫਲਸਰੂਪ ਰੱਬ ਦੇ ਕੋਮਲ ਸਰੂਪ ਦੀ ਵਿਚਾਰਧਾਰਾ ਦੇ ਨਾਲ ਨਾਲ ਜੁਝਾਰੂ ਕਲਪਨਾ ਰੱਖਣਾ ਜ਼ਰੂਰੀ ਸਮਝਿਆ ਗਿਆ। 'ਅਹਿੰਸਾ ਪਰਮੋ ਧਰਮਾ' ਵਾਲੇ ਧਰਮ, ਸਮੇਂ ਸਿਰ ਸਮਾਜ ਨੂੰ ਜੁਝਾਰੂ ਕਲਪਨਾ ਦੀ ਸੇਧ ਨਾ ਦੇ ਸਕੇ, ਜਿਸ ਕਰਕੇ ਭਾਰਤ ਗ਼ੁਲਾਮ ਹੋਇਆ। ਦਸਵੇਂ ਸਤਿਗੁਰਾਂ ਨੇ ਭਗਤੀ ਅਤੇ ਸ਼ਕਤੀ, ਸੰਤ ਅਤੇ ਸਿਪਾਹੀ ਦਾ ਪਰਸਪਰ ਮੇਲ ਸਤਾਰ੍ਹਵੀਂ ਸਦੀ ਦੇ ਹਿੰਦੂ ਸਮਾਜ ਸਾਹਮਣੇ ਰੱਖਿਆ। ਇਸੇ ਜੁਝਾਰੂ ਵਿਚਾਰਧਾਰਾ ਵਿੱਚੋਂ ਹੀ ਖ਼ਾਲਸਾ ਪੰਥ ਦਾ ਪ੍ਰਗਟ ਹੋਣਾ ਸਮੇਂ ਦੀ ਲੋੜ ਸੀ। ਇਸ ਜੁਝਾਰੂ ਵਿਚਾਰਧਾਰਾ ਨੂੰ ਅਕਾਲ ਪੁਰਖ ਦੇ ਮਹਾਨ ਗੁਣਾਂ ਨਾਲ ਜੋੜਿਆ ਗਿਆ ਹੈ। ਜਾਪੁ ਸਾਹਿਬ ਵਿਚ ਇਸ ਦੇ ਸੰਕੇਤ ਮਿਲਦੇ ਹਨ –

***ਗਨੀਮੁਲ ਖ਼ਿਰਾਜ ਹੈਂ। ਗਰੀਬੁਲ ਨਿਵਾਜ਼ ਹੈ।***
***ਹਰੀਫੁਲ ਸ਼ਿਕੰਨ ਹੈਂ। ਹਿਰਾਸੁਲ ਫ਼ਿਕੰਨ ਹੈਂ ॥153 ॥***
***ਬ੍ਰਹਮੰਡਸ ਹੈਂ। ਖਲ ਖੰਡਸ ਹੈਂ ॥176 ॥***
***ਨਰ ਨਾਇਕ ਹੈਂ। ਖਲ ਘਾਇਕ ਹੈਂ ॥180 ॥***
***ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥187 ॥***

ਅਕਾਲ ਪੁਰਖ ਜੀ ਨੂੰ ਵਿਸ਼ੇਸ਼ਣ ਵੀ ਵੀਰਤਾ ਭਾਵਨਾ ਵਾਲੇ ਦਿੱਤੇ ਗਏ ਹਨ, ਜੋ ਉਸ ਸਮੇਂ ਦੇ ਉਪਲੱਬਧ ਧਾਰਮਿਕ ਸਾਹਿਤ ਵਿਚ ਨਹੀਂ ਮਿਲਦੇ। "ਸੱਤ੍ਰੰ ਪ੍ਰਣਾਸੀ", "ਰਿਪੁ ਤਾਪਨ ਹੈਂ"। ਇਉਂ ਸਤਿਗੁਰਾਂ ਨੇ ਭੈ-ਭੀਤ ਹੋਏ ਹਿੰਦੂ ਸਮਾਜ ਸਾਹਮਣੇ ਸੱਤਾ ਦਾ ਦੁਸ਼ਟ-ਦਮਨਕਾਰੀ ਰੂਪ ਬੜੇ ਜ਼ੋਰਦਾਰ ਸ਼ਬਦਾਂ ਵਿਚ ਰੱਖਿਆ, ਜਿਸ ਨਾਲ ਜ਼ਾਲਮ ਅਤੇ ਜ਼ੁਲਮ ਨੂੰ ਨਸ਼ਟ ਕਰਨ ਲਈ ਸਿੰਘਾਂ ਨੇ ਹਥਿਆਰਬੰਦ ਹੋ ਕੇ ਖ਼ਾਲਸਾ ਪੰਥ ਦੀ ਸਾਜਨਾ ਸੰਨ 1699 ਤੋਂ 1799 ਤਕ ਪੂਰੇ ਇਕ ਸੌ ਸਾਲ ਸੰਘਰਸ਼ ਕਰ ਕੇ ਪੰਜਾਬ ਵਿੱਚੋਂ ਮੁਗ਼ਲ ਸਾਮਰਾਜ ਨੂੰ ਖ਼ਤਮ ਕੀਤਾ ਅਤੇ ਭਾਰਤ ਦੇ ਪੱਛਮ ਤੋਂ ਅਫ਼ਗ਼ਾਨੀਆਂ ਦੇ ਹਮਲਿਆਂ ਨੂੰ ਸਦਾ ਲਈ ਸਮਾਪਤ ਕਰ ਦਿੱਤਾ। ਅਹਿੰਸਾਵਾਦੀ ਮਹਾਤਮਾ ਗਾਂਧੀ ਦੀ ਖੋਖਲੀ ਸੋਚ ਦਾ ਇਥੋਂ ਪਤਾ ਲੱਗਦਾ ਹੈ ਕਿ ਉਹਨਾਂ ਨੇ ਦਸਵੇਂ ਸਤਿਗੁਰਾਂ ਨੂੰ ਭੁੱਲਿਆ ਭਟਕਿਆ ਹੋਇਆ ਦੇਸ਼ ਭਗਤ ਕਹਿ ਦਿੱਤਾ ਸੀ। ਗਾਂਧੀ ਤਾਂ ਇਕ ਭੁੱਲੜ ਮਨੁੱਖ ਸੀ। ਉਸਨੂੰ ਕੀ ਪਤੈ ਦਸਵੇਂ ਪਾਤਸ਼ਾਹ ਨੇ ਕਿਵੇਂ ਆਪਣੇ ਸਮੇਂ ਦੇ ਭੈ-ਭੀਤ ਹੋਏ ਸਮਾਜ ਨੂੰ ਧਰਮ-ਯੁੱਧ ਲਈ ਤਿਆਰ ਕੀਤਾ। ਸਤਿਗੁਰੂ ਜੀ "ਅਭੁੱਲ ਗੁਰੂ ਕਰਤਾਰ" ਹਨ। ਉਹ ਗਾਂਧੀ ਵਰਗੇ ਦੇਸ਼ ਭਗਤ ਨਹੀਂ ਸਨ। ਉਹਨਾਂ ਨੂੰ ਅਕਾਲ ਪੁਰਖ ਵੱਲੋਂ ਇਕ ਮਹਾਨ ਕਾਰਜ ਸੌਂਪਿਆ ਗਿਆ ਸੀ –

***ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥ ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥42 ॥ ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥ ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥43 ॥***
***ਬਚਿੱਤ੍ਰ ਨਾਟਕ***

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥***
***ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥ ਅੰਗ - 135***

**ਅਰਥ**

ਮਾਘ ਦੇ ਮਹੀਨੇ ਸਾਧੂਆਂ ਦਾ ਸੰਗ ਕਰ ਸੰਗਤ ਦੀ ਚਰਨ-ਧੂੜ ਵਿਚ ਇਸ਼ਨਾਨ ਕਰ। ਹਰੀ ਦਾ ਨਾਮ ਧਿਆ, ਸਤਸੰਗ ਵਿਚ ਲੋਕਾਂ ਕੋਲੋਂ ਸੁਣ ਤੇ ਹਰ ਕਿਸੇ ਨੂੰ ਦਾਨ ਦੇਹ। (ਉਸ ਤੋਂ) ਜਨਮਾਂ ਦੇ ਕਰਮਾਂ ਦੀ ਮੈਲ ਉਤਰੇਗੀ ਤੇ ਮਨ ਤੋਂ ਗੁਮਾਨ ਲਹਿ ਜਾਏਗਾ। ਕਾਮ ਕ੍ਰੋਧ ਤੇ ਮੋਹ ਖਹਿੜਾ ਛੱਡ ਦੇਣਗੇ ਤੇ ਲੋਭ ਕੁੱਤਾ ਬਿਨਸ ਜਾਵੇਗਾ। ਸੱਚੇ ਰਸਤੇ 'ਤੇ ਚੱਲਦਿਆਂ ਜਹਾਨ ਵਡਿਆਈ ਕਰੇਗਾ। ਅਠਸਠ ਤੀਰਥ 'ਤੇ ਕਰਮ ਕਾਂਡੀਆਂ ਦੇ ਪ੍ਰਵਾਨ ਕੀਤੇ ਹੋਏ ਸਾਰੇ ਪੁੰਨ ਤੇ ਦਇਆ ਦਾ ਫਲ (ਉਸ ਦੇ ਵਿਚ ਹੀ ਆ ਜਾਏਗਾ)। ਜਿਸ ਨੂੰ (ਪ੍ਰਭੂ) ਦਇਆ ਕਰ ਕੇ (ਨਾਮ) ਦੇਂਦਾ ਹੈ ਉਹੀ ਪੁਰਖ ਸੁਜਾਨ ਹੈ। ਜਿਨ੍ਹਾਂ ਨੂੰ ਆਪਣਾ ਪ੍ਰਭੂ ਮਿਲਿਆ ਹੈ, ਨਾਨਕ ਤਿਨ੍ਹਾਂ ਤੇ ਕੁਰਬਾਨ ਹੈ। ਮਾਘ ਵਿਚ ਉਹ ਸੱਚੇ ਕਹੇ ਜਾਂਦੇ ਹਨ, ਜਿਨ੍ਹਾਂ 'ਤੇ ਪੂਰਾ ਗੁਰੂ ਮਿਹਰਵਾਨ ਹੈ।

---



ਅਕਾਲ ਪੁਰਖ ਜੀ ਦਾ ਅਟੱਲ ਹੁਕਮ ਅਤੇ ਭਾਣੇ ਅਨੁਸਾਰ, ਗੁਰੂ ਦੇ ਅਨਿੰਨ ਢਾਡੀ ਅਤੇ ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘ ਅਤੇ ਇਕ ਗੁਰਸਿੱਖ ਰੂਹ ਤੇ ਨਾਮ ਰਸਿਏ ਭਾਈ ਪ੍ਰੀਤਮ ਸਿੰਘ ਚਾਨੀ ਜੀ ਮਿਤੀ 15.12.2021 ਨੂੰ ਗੁਰਪੁਰੀ ਪਿਆਨਾ ਕਰ ਗਏ ਹਨ ਜੀ। ਆਪ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸਨ। ਆਪ ਜੀ ਨੇ ਸਾਰੀ-ਸਾਰੀ ਰਾਤ ਪੁਰਾਤਨ ਕੀਰਤਨੀ ਸਿੰਘਾਂ ਭਾਈ ਮੇਹਰ ਸਿੰਘ ਜੀ, ਦਿੱਲੀ, ਭਾਈ ਸਾਹਿਬ ਮਹਿੰਦਰ ਸਿੰਘ ਜੀ, ਐਸ.ਡੀ.ਓ. ਅਤੇ ਅਨੇਕ ਕੀਰਤਨੀ ਸਿੰਘਾਂ ਨਾਲ ਤਬਲੇ ਦੀ ਸੇਵਾ ਕਰਿਆ ਕਰਦੇ ਸਨ। ਉਨ੍ਹਾਂ ਦੇ ਜੀਵਨ ਬਾਰੇ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ।

ਅਦਾਰਾ ਆਤਮ ਰੰਗ ਵੱਲੋਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਉਨ੍ਹਾਂ ਨੂੰ ਸਦੀਵੀ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਆਵਾਗਮਨ ਦੇ ਚੱਕਰ ਵਿੱਚੋਂ ਬਚਾ ਕੇ ਰੱਖਣ ਤੇ ਪਿੱਛੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ੴ ਵਾਹਿਗੁਰੂ ਜੀ ਕੀ ਫਤਹ॥*

**੧**

## ਅੱਗਾ ਹੈ

ਅਜ ਕਲ ਆਮ ਤੌਰ ਤੇ ਸਾਰੀ ਦੁਨੀਆਂ ਵਿਚ ਇਹ ਵਾ ਵਗੀ ਹੋਈ ਹੈ ਕਿ ਦ੍ਰਿਸ਼ਟਮਾਨ (ਜੋ ਕੁਝ ਦਿਸ ਰਹਿਆ ਹੈ) ਤੋਂ ਬਿਨਾ ਅਣਦਿਸਦੇ (ਅਦ੍ਰਿਸ਼ਟ) ਨੂੰ ਉੱਕਾ ਹੀ ਨਹੀਂ ਮੰਨਿਆ ਜਾਂਦਾ। ਖਾਸ ਕਰ ਮਗਰਬੀ ਤਾਅਲੀਮ ਦੀ ਮੁੱਠੀ ਹੋਈ ਸਾਰੀ ਲੁਕਾਈ ਇਸ ਗੱਲ ਤੋਂ ਮੁਨਕਰ ਹੀ ਹੋ ਰਹੀ ਹੈ ਕਿ ਇਸ ਦਿਸਦੇ ਲੋਕਿਕ ਪਸਾਰੇ ਤੋਂ ਪਾਰ ਕਈ ਪਰਲੋਕਿਕ ਸਾਰ ਰਚਨਾਰਾ (ਰਚਤ ਪਸਾਰਾ) ਕੀ ਹੈ। ਅਥਵਾ ਇਸ ਦਿਸ ਰਹੀ ਸਾਰੀ ਖੰਡ ਬ੍ਰਹਿਮੰਡੀ ਕਾਇਨਾਤ ਦਾ ਅਦ੍ਰਿਸ਼ਟ ਰਚਨਹਾਰਾ ਭੀ ਹੈ। ਇਹ ਦਹਿਰੀਆਪਨ ਸਾਰੇ ਸੰਸਾਰ ਵਿਚ ਛਾ ਰਹਿਆ ਹੈ। ਇਹ ਨਾਸਤਕਤਾ ਚਾਰ ਚੁਫੇਰੇ ਧੁਮ ਧੁਮਾ ਰਹੀ ਹੈ। ਹੋਰ ਤਾਂ ਹੋਰ, ਗੁਰਮਤਿ ਧਰਮ ਰੂਪੀ ਮੰਨੇ-ਪਰਮੰਨੇ ਆਸਤਕ ਧਰਮ ਦੇ ਪਰਕਾਰ ਭੀ ਅਣਗਿਣਤ ਅਕਸਰੀਅਤ ਵਿਚ ਏਸੇ ਵਹਿਣ ਵਿਚ ਰੁੜੇ ਚਲੇ ਜਾ ਰਹੇ ਹਨ ਬਹੁਤ ਸਾਰੇ ਸਿਖ ਸਦਾਉਣਹਾਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ-ਮਈ ਤਾਅਲੀਮ ਦੇ ਮੰਨਣ ਮਨਾਉਣਹਾਰੇ ਦਾਅਵੇਦਾਰ ਕਹਾਉਤੀ ਆਗੂ ਅੰਤਰਗਤੀ ਏਸ ਅਸਰਧਕਤਾ ਦੇ ਸ਼ਿਕਾਰ ਹੋ ਰਹੇ ਹਨ ਕਿ ਵਾਸਤਵ ਵਿਚ ਦਿਸ ਰਹੇ ਪੁਲਾੜ ਸਫੀਅਰ (ਸਪਹਏਰਏ, ਰਏਗਿੋਨ) ਤੋਂ ਪਾਰ ਹੋਰ ਕੁਝ ਨਹੀਂ, ਸਭ ਨਾਬੂਦ ਹੈ ਓਹ ਇਕ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਅਲੀਮ ਤੋਂ ਹੀ ਮਨਹਰਫ ਹਨ। ਐਵੇਂ ਨਾਮ ਮਾਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਅਤਕਦ ਸਿਖ ਕਹਾਉਂਦੇ ਹਨ। ਅਸਲ ਵਿਚ ਏਅਤਕਾਦ ਓਹਨਾਂ ਦਾ ਨੇਸਤੋਨਾਬੂਦ ਹੀ ਹੈ। ਜੇ ਸਰਧਾ ਸਿਦਕ ਯਕੀਨ ਸਚਮੁੱਚ ਹੋਵੇ ਤਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮਗਰ ਬਚਨਾਂ ਨੂੰ ਸਤਿ ਸਤਿ ਕਰਕੇ ਮੰਨਣ।

ਸਤਿਗੁਰੂ ਦੇ ਸੱਚੇ ਸਿਦਕੀ ਸਿੱਖਾਂ ਨੂੰ ਸਤਿਗੁਰੂ-ਬਚਨਾ ਉਤੇ ਸੱਚਾ ਭਰੋਸਾ ਹੈ। ਇਹ ਹੋ ਸਕਦਾ ਹੈ ਕਿ ਕਈ ਇਕ ਗੁਰ-ਬਚਨਾਂ ਦੁਆਰਾ ਗੁਰਬਾਣੀ ਵਿਖੇ ਦਰਸਾਈ ਬਿਵਸਥਾ ਦੀ ਸਮਝ-ਸਮਝਾਈ ਦੀ ਓਹਨਾਂ ਨੂੰ ਅਜੇ ਰਸਾਈ ਨਾ ਹੋਈ ਹੋਵੇ, ਅਥਵਾ ਗੁਰ-ਵਾਕਾਂ ਵਿਖੇ ਦਰਸਾਈ ਵਿਵਸਥਾ ਓਹਨਾਂ ਦੇ ਅੰਤਰ ਆਤਮੇ ਵਾਪਰੀ ਹੀ ਨਾ ਹੋਵੇ, ਕਿਉਂਕਿ ਸਚਾ ਸਾਹਦੇ-ਹਾਲ ਯਕੀਨ ਕਿਸੇ ਘਟਨਾ ਦੀ ਸੱਤਤਾ ਦਾ ਤਦੋਂ ਹੀ ਹੋ ਸਕਦਾ ਹੈ ਜਦ ਕਿ ਸਾਂਗੋ ਪਾਂਗ ਦਿਵ-ਦਰਸ਼ਤਾ, ਅਦ੍ਰਿਸ਼ਟ ਦਿੱਬਤਾ ਦੀ ਓਹਨਾਂ ਨੂੰ ਹੋਇ ਆਵੇ। ਪ੍ਰੰਤੂ ਸਤਿਗੁਰੂ ਦੇ ਸਚਿਆਰੇ ਸਿੱਖਾਂ ਨੂੰ ਜੇਕਰ ਅਜੇ ਇਹ ਅਵਸਥਾ ਪ੍ਰਾਪਤ ਨ ਹੋਈ ਹੋਵੇ ਤਦ ਓਹ ਮਨਮੁਖਤਾ ਭਰੀ ਇਹ ਹਮਾਕਤ ਕਦੇ ਨਹੀਂ ਕਰਦੇ ਕਿ ਉਸ ਅਵਸਥਾ ਨੂੰ ਮੰਨਣੋਂ ਹੀ ਮੁਨਕਰ ਹੋ ਜਾਣ। ਸਗੋਂ ਉਹ ਮਨ, ਬਚਨ, ਕਰਮ ਕਰਕੇ ਮੰਨਦੇ ਹਨ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਾਧ ਬੋਧ ਥਾਣੀ-ਮਈ ਬਚਨ ਸਦਾ ਸੱਤਿ ਅਤੇ ਯਥਾਰਥ ਹਨ; ਚਾਹੇ ਸਮਝੋ ਅਗਰ ਹਨ, ਪਰ ਹਨ ਸਗੋਂ ਸੱਤ।

ਉਹਨਾਂ ਨੇ ਦ੍ਰਿੜ ਕਰਕੇ ਨਿਸਚੇ ਕਰ ਲਿਆ ਹੁੰਦਾ ਹੈ ਕਿ ਜੋ ਕੁਝ ਗੁਰਬਾਣੀ ਅੰਦਰ ਫੁਰਮਾਨ ਹੋ ਚੁੱਕਾ ਹੈ, ਉਹ ਗੁਰਸਿੱਖਾਂ ਲਈ ਧਾਰਨ ਕਰਨ ਯੋਗ ਗੁਰਮਤਿ ਅਸੂਲ ਹਨ। ਪਰ ਇਹ ਜੋ ਕੁਝ ਉਹਨਾਂ ਨੇ ਨਿਸਚੈ ਕਰਿ ਧਾਰਨ ਕਰ ਲਿਆ ਹੁੰਦਾ ਹੈ, ਕੋਈ ਅੰਧ ਵਿਸ਼ਵਾਸ ਕਰਕੇ ਨਹੀਂ ਧਾਰਨ ਕੀਤਾ ਹੁੰਦਾ। ਸਤਿਗੁਰੂ ਦੀ ਗੁਰਤਭਾ ਤੇ ਪੂਰਨ ਪਤੀਜ ਕੇ, ਕੋਈ ਤੱਤ ਪਤੀਆਰਾ ਚਮਤਕਾਰ ਚਮਤਕਾਰਤ ਹੋਇਆ, ਪਤੀਆਰਤ ਹੋਇਆ ਪੇਖ ਕੇ ਹੀ ਸੱਚਾ ਸਿਦਕ-ਰਸਾ ਸਰਧਾਵਤ ਹੋਇ ਆਇਆ ਹੁੰਦਾ ਹੈ। ਇਸ ਬਿਧਿ ਸਚੀ

ਸ਼ਰਧਾ-ਭਾਵਨੀ ਉਦੀਪਤ ਹੋਇਆ, ਬਹੁਰ ਸਤਿਗੁਰੂ ਦੇ ਸਮਗਰ ਬਚਨਾਂ ਉਤੇ ਹੀ ਅਹਿੱਲ ਈਮਾਨ ਆ ਗਿਆ ਹੁੰਦਾ ਹੈ। ਇਸ ਅਹਿੱਲ ਈਮਾਨ ਨੂੰ ਅੰਧ ਵਿਸ਼ਵਾਸ ਨਹੀਂ ਕਹਿਆ ਜਾ ਸਕਦਾ। ਇਸ ਅਹਿੱਲ ਈਮਾਨ ਦੀ ਪੀਡੀ ਗੰਢ ਅੰਤਰਿ ਆਤਮ ਬੁਝਿਆ ਹੀ, ਸਚੀ ਸਿੱਖੀ-ਮਈ ਗੁਰਮਤਿ-ਮਾਰਗ ਉਤੇ ਚਲਣਹਾਰਿਆਂ ਗੁਰਸਿੱਖਾਂ ਦੀ ਆਤਮ-ਕਲਾ ਕਰਕੇ ਦਿਨ-ਦਿਨ ਚੜ੍ਹਦੀ ਕਲਾ ਹੁੰਦੀ ਹੈ।

ਗੁਰਸਿੱਖੀ ਦੇ ਮੰਡਲ ਵਿਚ ਆਇਆਂ ਹੀ, ਅਰਥਾਤ ਅੰਮ੍ਰਿਤ ਛਕ ਕੇ ਸਿੰਘ ਸਜਦਿਆਂ ਹੀ, ਗੁਰਮੰਤ੍ਰ ਗੁਰਦੀਖਿਆ ਦੀ ਪਾਰਸ ਕਲਾ ਵਰਤਦਿਆਂ ਹੀ ਅਜਿਹੀ ਅਲੌਕਿਕ ਰੱਬੀ ਰਹਿਮਤਾਨੀ ਨਦਰ ਨਦਰੀਵਤ ਹੋ ਜਾਂਦੀ ਹੈ ਕਿ ਮਾਨ ਉਹਨਾਂ ਦੀ ਕਾਇਆ ਪਲਟ ਹੋ ਕੇ ਨਵ-ਜਨਮਾ ਪਰਮਾਰਥੀ ਜੀਵਨ ਵਿਗਸੀਵਤ ਹੋਇ ਆਵੰਦਾ ਹੈ। ਇਸ ਨਵਲ ਨਵੇਲੇ ਆਤਮ-ਵਿਕਾਸ ਦੇ ਪ੍ਰਭਾਵ ਕਰਿ ਹੀ ਜਗਿਆਸੂ ਜਨ ਨੂੰ ਪਰਮਾਰਥ ਜਾਗ ਵਾਲੇ ਜੀਵਨ ਵਿਚ ਜੀਉ ਉਠਣ ਦੀ ਜਾਗ ਲਗਦੀ ਹੈ। ਇਸ ਨਵ-ਜੀਵਨੀ ਜਾਗਰਤ ਵਿਚ ਸੁਜਾਗ ਹੋਏ ਵਡਭਾਗ ਗੁਰਸਿੱਖ ਨੂੰ ਗੁਰਬਾਣੀ ਅੰਦਰਿ ਦਰਸਾਏ ਉਹਨਾਂ ਅਗਮੀ ਭਾਵਾਂ ਦੀ ਸੱਤਤਾ ਉੱਤੇ ਸੱਚੀ ਸ਼ਰਧਾ ਸਿਦਕੀਵਤ ਹੋਇ ਆਵੰਦੀ ਹੈ, ਜਿਨ੍ਹਾਂ ਦੇ ਸਮਝਣ ਦੀ ਪਹੁੰਚ-ਰਸਾਈ ਅਜੇ ਉਹਨਾਂ ਦੀ ਨਹੀਂ ਹੋਈ ਹੁੰਦੀ। ਉਹਨਾਂ ਨੂੰ ਇਹ ਯਕੀਨ ਪੱਕਾ ਹੁੰਦਾ ਹੈ ਕਿ ਸਚਿਆਈ (ਸੱਤਤਾ) ਸਪਸਟਤਾ ਆਤਮ-ਅਭਿਆਸ-ਕਮਾਈ ਉਪਰ ਹੀ ਨਿਰਭਰ ਹੈ। ਇਸ ਨਿਰਭਰਤਾ ਦੇ ਸੁਭਰ ਭਰੀਵੇ ਹੋਏ ਉਹ ਹਰਦਮ ਆਸਾਵੰਤ ਰਹਿੰਦੇ ਹਨ ਕਿ ਜਿਨ੍ਹਾਂ ਸੱਤਤਾਈਆਂ ਦਾ ਜ਼ਹੂਰ ਭੀ ਜ਼ਰੂਰ ਹੋਵੇਗਾ। ਏਸ ਅਵਿਸ਼ਵਾਸ ਅੰਦਰ ਉਹ ਕਦੇ ਨਹੀਂ ਆਉਂਦੇ ਕਿ ਜਦ ਤਾਈਂ ਕੋਈ ਅਨ ਉਪੜੀ ਮੰਜਲ ਵਾਲੀ ਸਚਿਆਈ ਜ਼ਰੂਰ ਪਜ਼ੀਰ ਨ ਹੋ ਜਾਵੇ, ਓਦਾਂ ਤਾਈਂ ਉਹ ਸਚਿਆਈ, ਸਚਿਆਈ ਹੀ ਨਹੀਂ। ਗੁਰ-ਬਚਨਾਤ ਦਰਸਾਈ ਸਚਿਆਈ ਤਾਂ ਹਰਦਮ, ਸਦਾ ਸਦਾ ਸਚਿਆਈ ਹੀ ਹੈ। ਕੈਂਸਰ ਹੈ ਤਾਂ ਸਚਿਆਈ ਨੂੰ ਸਚਿਆਰਤ ਕਰਨ ਵਾਲਿਆਂ ਦੀ ਹੈ ਸੜਤਾਈ ਨੂੰ ਸਤਿਆਰਤ ਕਰਨ ਵਾਲਿਆਂ ਦੀ ਹੈ। ਪਾਰ ਪਹੁੰਚੇ ਗੁਰਮੁਖਾਂ ਦੀ ਤਾਂ ਰਹਿਣ ਗਤਿ ਹੀ ਕੀ ਹੈ, ਉਹਨਾਂ ਤਾਈਂ ਤਾਂ ਗੁਰ-ਬਚਨਾਂਤ ਦਰਸਾਈ ਸੱਤਤਾ ਸਦਾ ਪ੍ਰਗਟ ਪਹਾਧੋ ਹੀ ਸਤਿ ਸਤਿ ਜਹੂਰ ਪਜ਼ੀਰ ਹੈ। ਜਿਹੜੇ ਨਾਮ ਲੇਵੇਂ, ਗੁਰੂ ਦੇ ਸਿੱਖ ਅਜੇ ਇਸ ਈਮਾਨ ਯਕੀਨ ਤੋਂ ਝਲਦੇ ਹੀ ਫਿਰਦ ਹਨ ਅਤੇ ਗੁਰਬਾਣੀ ਅੰਦਰ ਆਈਆਂ ਉਹਨਾਂ ਸੱਤਤਾਈਆਂ ਉਤੇ ਉਟੈਕਨ ਕਰਦੇ ਹਨ ਜੋ ਉਹਨਾਂ ਦੀ ਸਮਝ ਵਿਚ ਨਹੀਂ ਆਈਆਂ, ਤਿਨ੍ਹਾਂ ਬੇ-ਯਕੀਨੇ, ਈਮਾਨ ਹੀਨੇ, ਸ਼ੱਕ-ਸ਼ਕ-ਸੀਨੇ, ਨੀਮ ਨਾਸਤਕਾਂ, ਐਗਨਾਸਟਕਾਂ (agnositcs) ਨਮਿਤ ਹੀ ਇਹ ਅਗਲੇਰਾ ਮਜ਼ਮੂਨ ਪੁਸਤਕ ਦੀ ਸ਼ਕਲ ਵਿਚ ਤਿਆਰ ਕਰ ਕੇ ਉਹਨਾਂ ਦੇ ਅਗੇ ਰਖਿਆ ਹੈ, ਜਿਸ ਵਿਚ ਇਹ ਨਿਰੂਪਨ ਅਤੇ ਸਿੱਧ ਕੀਤਾ ਜਾਵੇਗਾ ਕਿ ਗੁਰਬਾਣੀ ਵਿਚ ਦਰਸਾਏ ਆਮ ਸਮਝੋ ਅਗੋਚਰੇ ਪਦਾਰਥ ਸੱਤ ਹਨ, ਅਸੱਤ ਨਹੀਂ ।

ਸ਼ੰਕਾਵਾਦੀ ਸ਼ੰਕਾ ਕਰਦੇ ਹਨ ਕਿ ਜੋ ਅੱਖੀਂ ਦਿਸਦਾ ਨਹੀਂ, ਉਸ ਦੀ ਹੋਂਦ ਤੇ ਸ਼ੱਕ ਹੈ। ਜੋ ਪਦਾਰਥ ਪੰਜ ਗਿਆਤ-ਇੰਦਰਿਆ ਦਾ ਵਿਸ਼ਾ ਨਹੀਂ, ਓਹ ਅਸੱਤ ਕਰਕੇ ਮੰਨਦੇ ਹਨ। ਉਹਨਾਂ ਦੀ ਸਮਝ ਵਿਚ ਰੱਬ ਦੀ ਹਸਤੀ ਕੋਈ ਨਹੀਂ। ਓਹ ਇਸ ਇਸਦੀ ਦੁਨੀਆ ਤੋਂ ਬਿਨਾਂ ਹੋਰ ਕਿਸੇ ਅਣਦਿਸਦੀ ਦੁਨੀਆ ਦੇ ਮੰਨਣੋਂ ਇਨਕਾਰੀ ਹਨ। ਬਹੁਤਿਆਂ ਦਾ ਸੰਦੇਹ ਹੈ ਕਿ ਅੱਗਾ ਹੈ ਕਿ ਨਹੀਂ? ਇਹ ਜੱਗ ਮਿੱਠਾ ਅਗਲਾ ਕੀਹਨੇ ਡਿੱਠਾ' ਦੇ ਮਿਸਦਾਕ (ਅਖਾਣ) ਵਾਲਿਆਂ ਦੀ ਧਰਨ ਠਿਕਾਣੇ ਕਰਨ ਲਈ ਹੀ ਇਸ ਲੇਖ ਦੇ ਲਿਖਣ ਦੀ ਲੋੜ ਪਈ।

ਅਣ-ਦਿਸਦੀ ਸੂਖਮ ਰਚਨਾ ਚਾਹੇ ਆਮ ਅਲਪੱਗ ਦ੍ਰਿਸ਼ਟੀਓ ਅਣਡਿਠ ਹੈ, ਪਰ ਓਸ ਦੀ ਵਾਸਤਵਤਾ ਵਿਚ ਰਾਈ ਮਾਤਰ ਭੀ ਫ਼ਰਕ ਨਹੀਂ। ਮਿਸਾਲ ਦੇ ਤੌਰ ਤੇ ਨਰਕ ਸੁਰਗ, ਆਵਾਗਵਨ, ਜਮ ਮਾਰਗ, ਧਰਮ ਰਾਇ ਤੇ ਗੈਬੀ ਦਰਗਾਹ ਦੀਆਂ ਅਗੇ ਵਾਲੀਆਂ ਗੱਲਾਂ ਜੋ ਉਹਨਾਂ ਨੂੰ ਐਵੇਂ ਕਲਪਿਤ ਹੀ ਪ੍ਰਤੀਤ ਹੁੰਦੀਆਂ ਹਨ, ਇਹਨਾਂ ਅਤੇ ਇਸ ਪ੍ਰਕਾਰ ਦੀਆਂ ਅਨੇਕਾਂ ਗੱਲਾਂ 'ਤੇ ਰੌਸ਼ਨੀ ਪਾਈ ਜਾਵੇਗੀ। ਗੁਰਮਤਿ ਦੁਆਰਾ ਅਤੇ ਗੁਰਵਾਕਾਂ ਦੀ ਪੂਰਨ ਪ੍ਰੋੜਤਾ ਦੁਆਰਾ ਹੀ ਸਿੱਧ ਕੀਤਾ ਜਾਵੇਗਾ ਕਿ ਜਿਸ ਦਿਸਦੇ ਅਗਾਂਧ ਪੁਲਾੜ ਖਲਾ ਵਿਚ ਬਹੁਤ ਕੁਝ ਸੂਖਮ ਰਚਨਾ ਵੱਸ ਰਹੀ ਹੈ, ਦਾ ਕਹਿਣਾ ਹੀ ਕੀ ਹੈ, ਉਹ ਏਹਨਾਂ ਪੰਜ ਭੂਤਕ ਅੱਖੀਆਂ ਦੇ ਓਹਲੇ ਹੈ, ਪਰ ਇਸ ਦੀ ਭੀ ਵਾਸਤਵੀ ਹੋਂਦ ਹੈ। ਇਸ ਵਿਸ਼ੇ ਨੂੰ ਅਸੀਂ ਗੁਰਬਾਣੀ ਦੇ ਪ੍ਰਮਾਣਾਂ ਦੀ ਪ੍ਰੋੜਤਾ ਦੁਆਰਾ ਸਾਬਤ ਕਰਾਂਗੇ।

## ੨

## ਆਸਤਕ ਤੇ ਨਾਸਤਕ

ਸਭ ਤੋਂ ਪਹਿਲਾਂ ਆਸਤਕਤਾ ਦਾ ਆਸਰਾ ਅਕਾਲ ਪੁਰਖ ਦੀ ਹੋਂਦ-ਹਸਤੀ ਨੂੰ ਮੰਨਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦਾ ਮੁਢਲਾ ਅਸੂਲ ਅਕਾਲ ਪੁਰਖ ਨੂੰ 'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਮੰਨਣਾ ਹੈ। ਅੱਜ ਅਕਾਲ ਪੁਰਖ ਦੀ ਹਸਤੀ ਨੂੰ ਮਹਿਜ਼ ਇਸ ਕਰਕੇ ਹੀ ਮੰਨਣੋਂ ਮੁਨਕਰਤਾ ਹੋ ਰਹੀ ਹੈ ਕਿ ਇਹ ਅੱਖੀਂ ਦਿਸਦਾ ਨਹੀਂ। ਅਖੀਂ ਦਿਸਦਾ ਨਹੀਂ, ਇਸ ਕਰਕੇ ਹੈ ਹੀ ਨਹੀਂ।

***'ਚਲਦਾ'***



# ਜ਼ਾਹਰ ਜ਼ਹੂਰ ਗੁਰੂ ਗੋਬਿੰਦ ਸਿੰਘ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

*ਨੈਨ ਮਿਚ ਰਹੇ ਪਿਖਿ ਝਲਕ ਜ਼ਹੂਰ ਨੂਰ,*
*ਖਿਚਿ ਰਹੀ ਘਟਿ ਤਸਵੀਰ ਅਕਸੀਰੜੀ।*
*ਅੱਖੀਆਂ ਉਘੜੀਆਂ ਨਾ ਮੁੜੀਆਂ ਸੁਰਤਿ ਲਿਵ,*
*ਲੱਗ ਰਹੀ ਤਾੜੀ ਜੋਤਿ ਰਸਕਿ ਰਸੀਰੜੀ।*
*ਪੂਰਿ ਰਹੀ ਦਿੱਬਜ ਜੋਤ ਨਭ ਅਤੇ ਨਾਭ ਵਿਖੇ,*
*ਅਧਿਭੁਤ ਝਾਰੀ ਰਸ ਜੋਤਿ ਬਿਸਮੀਰੜੀ।*
*ਰਸੀਆ ਰੀਸਾਲੂ ਝਾਲੂ ਰਮਿ ਸੇਜੜੀ ਤੇ ਭੋਗ ਲਾਵੇ,*
*ਆਤਮ-ਅਨੰਦ ਭੋਗ ਗਤਿ ਅਜਬੀਰੜੀ।*
*ਆਤਮ ਸੰਜੋਗ ਭੋਗ ਸਿਖਨ ਸੁਹਾਗ ਭਾਗ,*
*ਅਮੀ ਅੰਸ ਜਾਗ ਲਾਏ ਤੇਜ ਵਿਦਤਾਏ ਹੈਂ।*
*ਸਰਧਨ ਸਰਧਾਲੂ ਜੋਤਿ ਜਗਤ ਜਗਾਲੂ ਜਨਾਂ,*
*ਸਨਮੁਖ ਹੋਇ ਦਿਬ ਦਰਸ ਦਿਖਾਏ ਹੈਂ।*
*ਰਾਵਲ ਰੀਸਾਲੂ ਜਲਵੇਸ਼ ਸੁੰਦਰੇਸ਼ ਸਰੂਪ,*
*ਜੋਤਿ ਪ੍ਰਚੰਡ ਕਰਿ ਆਪ ਪ੍ਰਗਟਾਏ ਹੈਂ।*
*ਗੁਰਮੁਖ ਅਨਿੰਨ ਸਿਖਨ ਕੇ ਰਿਦੇ ਮੁਝਾਰ,*
*ਧਾਰਿ ਅਵਤਾਰ ਕਲਗੇਸ਼ ਗੁਰੂ ਆਏ ਹੈਂ।*

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ ਅੰਗ - ੭੫੯*

ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਸਤਿਗੁਰੂ ਮੇਰਾ, ਹਾਂ ਜੀ! ਮੇਰਾ ਨਾਨਕ ਦਸਮੇਸ਼, ਗੁਰੂ ਜਗਤੇਸ਼, ਦਸਮੇਸ਼ ਗੁਰੂ, ਜਗਤ ਗੁਰੂ ਨਾਨਕ ਕਲਰੀਸ਼ ਗੁਰੂ, ਸਦਾ ਸਦਾ ਹਾਜ਼ਰ ਹਜ਼ੂਰ, ਜ਼ਾਹਰ ਜ਼ਹੂਰ, ਸਭ ਮੇਂ ਭਰਪੂਰ, ਸਾਖਸ਼ਾਤ ਨੂਰੋ ਨੂਰ ਹੈ। ਸਦਾ ਹਾਜ਼ਰ ਹੈ। ਆਵਣ ਜਾਣ ਦੀ ਕੈਦ ਤੋਂ ਸਦਾ ਬਾਹਰ ਹੈ - "ਏਕਹਿ ਆਵਨ ਫਿਰਿ ਜੋਨਿ ਨ ਆਇਆ" ਦੇ ਭਾਵ ਅਨੁਸਾਰ ਕੇਵਲ ਇਕ ਵਾਰ ਸਤਿਗੁਰੂ ਸੰਸਾਰ ਵਿਖੇ ਮਨੁੱਖ ਜਾਮੇ ਵਿਚ ਅਵਤਾਰ ਧਾਰ ਕੇ ਆਇਆ, ਤਾਂ ਸਿਰਫ਼ "ਜੀਅ ਦਾਨੁ ਦੇ ਭਗਤੀ ਲਾਇਨਿ ਨਮਿਤ ਸੱਚਾ ਪਰਉਪਕਾਰੀ ਬਣ ਕੇ ਆਇਆ। ਬਹੁੜਿ ਅਜਿਹੀ ਆਵਣੀ ਦੀ ਲੋੜ ਉਸ ਨੂੰ ਨਹੀਂ ਰਹੀ। ਜੋਤੀ ਜੋਤਿ ਸਮਾਇ ਕੇ ਉਹ ਅਬਿਨਾਸ਼ੀ ਪੁਰਖ ਹੀ ਰਿਹਾ । ਸਭ ਮੇਂ ਸਮਾਇ ਰਿਹਾ ਅਬਿਨਾਸ਼ੀ ਪੁਰਖ ਹੈ। ਸਦਾ ਹਾਜਰ ਨਾਜਰ ਅਬਿਨਾਸੀ ਪੁਰਖ ਹੈ। ਜੋਤਿ ਜਾਮੇ ਵਿਚ ਪ੍ਰਗਟ ਹੋਇਆ ਅਨਿੰਨ ਸ਼ਰਧਾਲੂ ਗੁਰਮੁਖ ਜਨਾਂ ਨੂੰ ਦਿੱਬ ਦਰਸ਼ਨ ਦਿਖਾਇ ਕੇ ਨਿਹਾਲ ਨਿਹਾਲ ਕਰਨਹਾਰਾ ਹੈ। ਉਸ ਨੂੰ ਬਹੁੜ ਮਾਨੁਸ਼ ਜਾਮਾ ਧਾਰਨ ਦੀ ਲੋੜ ਨਹੀਂ, ਮਾਨੁਸ਼ ਜਾਮੇ ਵਿਚ ਅਵਤਾਰ ਧਾਰਨ ਦੀ ਲੋੜ ਨਹੀਂ। ਜਿਹਿ ਜਹਿ ਅਵਸਰ ਆਇ ਬਨਿਓ ਹੈ ਤਹਾਂ ਅਨਿੰਨ ਅਭਿਆਸੀ ਜਨਾਂ, ਜੋਤਿ ਵਿਗਾਸੀ ਜਨਾਂ ਦੇ ਹਿਰਦਿਆਂ ਅੰਦਰਿ ਪ੍ਰਚੰਡ ਜੋਤਿ-ਮਈ ਅਵਤਾਰ ਧਾਰ ਕੇ ਦਰਸ ਦਿਖਾਂਵਦਾ ਆਇਆ ਹੈ।

ਜੋਤੀ ਜੋਤਿ ਸਮਾਉਣ ਦੇ ਸਮੇਂ ਤੋਂ ਹੀ ਸਦਾ ਸਦਾ ਪਰਤੱਖ ਦੀਦਾਰ ਜਲਵੇ ਆਪਣੇ ਜਾਗਤ ਜੋਤ ਜਾਪਣਹਾਰ ਖ਼ਾਲਸ ਗੁਰਮੁਖ ਜਨਾਂ ਨੂੰ ਦਿਖਾਉਂਦਾ ਆਇਆ ਹੈ ਅਤੇ ਦਿਖਾਉਂਦਾ ਰਹੇਗਾ। ਮੁੜ ਮਨੁੱਖ ਜਾਮੇ ਅਵਤਾਰ ਧਾਰਨ ਦਾ, ਗੁਰੂ ਅਵਤਾਰ ਧਾਰਨ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨੇ ਮੁਕਾ ਦਿੱਤਾ। ਭੂਤ ਭਵਿਖ ਦੇ ਜਾਣਹਾਰ ਅੰਤਰਜਾਮੀ ਸ੍ਰੀ ਗੁਰੂ ਕਲਗੀਧਰ ਸਾਹਿਬ ਨੇ ਇਹ ਵੀਚਾਰ ਕਰਕੇ ਕਿ ਕਲਜੁਗ ਵਿਖੇ ਅੱਗੇ ਨੂੰ "ਘਰ ਘਰ ਹੋਇ ਬੈਠ ਹੈਂ ਰਾਮਾ" ਵਾਲਾ ਵਰਤਾਰਾ ਜ਼ਰੂਰ ਵਰਤੇਗਾ, ਗੁਰੂ-ਡੰਮ ਵਾਲਾ ਫਸਤਾ ਹੀ ਵੱਢ ਦਿੱਤਾ। ਸ੍ਰੀ ਗੁਰੂ ਦਸਮੇਸ਼ ਜੀ ਦੇ ਇਸ ਇੰਦੀਏ ਤੋਂ ਅਜਾਣ ਪੁਰਸ਼, ਕਈ ਅਣਭੋਲ ਸਿੱਖ ਵੀ ਜਦੋਂ ਇਹ ਕਹਿੰਦੇ ਸੁਣੀਦੇ ਹਨ ਕਿ ਗੁਰੂ ਸਾਹਿਬ ਫਿਰ ਦੇਹ ਧਾਰ ਕੇ ਆਉਣਗੇ ਤਾਂ ਉਨ੍ਹਾਂ ਦੇ ਇਸ ਅਜਾਣਪੁਣੇ ਤੇ ਹਾਸਾ ਭੀ ਆਉਂਦਾ ਹੈ ਅਤੇ ਤਰਸ ਭੀ ਆਉਂਦਾ ਹੈ। ਪਰ ਅਫ਼ਸੋਸ ਹੈ ਤਾਂ ਇਹ ਹੈ ਕਿ ਗੁਰੂ ਦਸਮੇਸ਼ ਜੀ ਨੇ ਜਿਤਨਾ ਭੀ ਅਸਾਨੂੰ ਖ਼ਿਆਲ ਤੋਂ ਵਰਜਿਆ ਉਤਨੀ ਹੀ ਬਹੁਤੀ ਇਹ ਇੱਲਤ-ਮਈ ਮਰਜ਼ ਦਿਨੋ-ਦਿਨ ਸਾਡੇ ਅੰਦਰ ਜ਼ੋਰਾਂ ਨਾਲ ਪ੍ਰਵੇਸ਼ ਕਰਦੀ ਆ ਰਹੀ ਹੈ। ਨਿਤ ਆਏ ਦਿਨ, ਨਿਤ ਨਵੇਂ ਦਿਨ ਇਹ ਸੁਣੀਦਾ ਹੈ ਤੇ ਸੁਣ ਕੇ ਸ਼ਰਮਸਾਰ ਹੋਈਦਾ ਹੈ ਕਿ ਅਮਕੀ ਜਗਾ ਅਮਕੇ ਦੇਹਧਾਰੀ ਗੁਰੂ ਨੇ ਅਵਤਾਰ ਧਾਰਿਆ ਹੈ। ਅਮਕੇ ਸਮੇਂ ਫੇਰ ਗੁਰੂ ਜੀ ਅਵਤਾਰ

ਧਾਰਨਗੇ। ਇਹ ਅਮਕੇ ਧਿਮਕੇ ਕੱਚ-ਘਰੜ ਖ਼ਿਆਲਾਂ ਵਾਲੀਆਂ ਗੱਲਾਂ ਗੁਰਮਤਿ ਦੇ ਵਿਰੁੱਧ ਤੇ ਸ੍ਰੀ ਦਸਮੇਸ਼ ਜੀ ਦੇ ਆਸ਼ੇ ਤੋਂ ਉਲਟ ਹਨ। ਪਰ ਇਹ ਉਪਜਦੀਆਂ ਉਨ੍ਹਾਂ ਨੂੰ ਹੀ ਹਨ, ਜੋ ਗੁਰਮਤਿ ਨਾਮ ਅਭਿਆਸ ਕਮਾਈ ਤੋਂ ਘੁਥੇ ਹੋਏ ਮਨਮੁਖੀਏ ਹਨ।

ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਗੁਰਮਤਿ ਨਾਮ ਦੀ ਅਨਿੰਨ ਕਮਾਈ ਦੁਆਰਾ ਗੁਰੂ ਜੋਤਿ ਦੇ ਪ੍ਰਤੱਖ ਪ੍ਰਕਾਸ਼ ਦੀ ਪਾਰਸ ਕਲਾ ਜ਼ਾਹਰ ਕਲਾ ਵਰਤੀ ਹੈ, ਤਿਨ੍ਹਾਂ ਨੂੰ ਗੁਰੂ ਹਰ ਦਮ ਹਾਜ਼ਰ ਨਾਜ਼ਰ ਦਿਸਦਾ ਹੈ। ਹਾਂ, ਘੱਟ ਵੱਧ ਅਭਿਆਸ ਕਮਾਈ ਅਨੁਸਾਰ ਕਿਤੇ ਲੁਕਣਮੀਟੀ ਜੋਤਿ-ਜਲਵੇ ਦਿਖਾਉਂਦਾ ਹੈ ਅਤੇ ਕਿਤੇ ਸਦ-ਵਿਗਾਸੀ ਦਰਸ਼ਨਾਂ ਦਾ ਮੀਂਹ ਵਰਸਾਉਂਦਾ ਹੈ। ਹਰ ਹਾਲਤ ਵਿਚ ਸ਼ਰਧਾਵਾਨ ਜੋਤਿ-ਵਿਗਾਸੀ ਗੁਰਸਿੱਖਾਂ ਤਾਈਂ ਇਹ ਘਾਟ ਕਦੇ ਵੀ ਪ੍ਰਤੀਤ ਨਹੀਂ ਹੁੰਦੀ ਕਿ ਸਤਿਗੁਰੂ ਹੈ ਨਹੀਂ। ਉਹ ਤਾਂ ਸਦਾ ਸਦਾ, ਸਤਿਗੁਰ ਮੇਰਾ ਸਦਾ ਸਦਾ ਤਿਨ੍ਹਾਂ ਦੇ ਦਿਬਦਰਸੀ ਆਤਮ-ਨੈਣਾਂ ਨੂੰ ਨਜ਼ਰੀ ਆਉਂਦਾ ਹੈ। ਤਾਂ ਹੀ ਤਾਂ ਇਹ ਹਰਦਮ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਨਾਮ ਅਭਿਆਸ ਦੇ ਘਾਟੇ ਵਾਲੇ ਪੁਰਸ਼ਾਂ ਨੂੰ ਇਹ ਚੜ੍ਹਦੀ ਕਲਾ ਕਿਥੇ? ਉਹ ਤਾਂ ਘਟੀਅਲ ਖ਼ਿਆਲਾਂ ਦੀ ਨਿਘਰਦੀ ਕਲਾ ਵਿਚ ਹੀ ਸੜੀਅਲ ਜਨਮ ਬਤੀਤ ਕਰਦੇ ਹਨ। ਕਦੇ ਕਿਸੇ ਦਾ ਆਸਰਾ ਤੱਕਦੇ ਹਨ, ਕਦੇ ਕਿਸੇ ਦੀ ਓਟ ਤਕਾਉਂਦੇ ਹਨ, ਪਰ ਆਪਣੇ ਨਿਜ ਅਸਲੇ ਵੱਲ ਨਹੀਂ ਆਉਂਦੇ। ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗੱਲ ਹੈ ਤਾਂ ਇਹ ਹੈ ਕਿ ਸਦਾ ਆਪਣੇ ਖ਼ਾਲਸੇ ਨੂੰ ਪ੍ਰਚੰਡ ਕਲਾ ਜਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰਖਣ ਵਾਲੇ ਸ੍ਰੀ ਦਸਮੇਸ਼ ਜੀ ਦੇ ਅਖਾਉਤੀ (ਸੋ ਚਓਲਲਦ) ਸਿੱਖ ਆਪਣੇ ਉੱਚ ਖ਼ਾਲਸਈ ਆਦਰਸ਼ਾਂ ਤੋਂ ਗੁਮਰਾਹ ਹੋ ਕੇ ਬੁਤ-ਪ੍ਰਸਤ ਮਤ-ਮਤਾਂਤ੍ਰੀ ਆਨਿ-ਮਤੀ ਆਗੂਆਂ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ। ਜਿਸ ਦਾ ਸਿੱਟਾ ਇਹ ਹੋ ਰਿਹਾ ਹੈ ਕਿ ਸਤਿਗੁਰੂ ਦਸਮੇਸ਼ ਜੀ ਦਾ ਤੇਜ ਗੁਆ ਰਹੇ ਹਨ ਤੇ ਗੀਦੀ ਬਣ ਰਹੇ ਹਨ। ਬੜੇ ਤੋਂ ਬੜੇ ਪ੍ਰਸਿੱਧ ਆਗੂ ਕਹਾਉਣ ਵਾਲੇ ਭੀ ਅਸਲ ਅਸੂਲਾਂ 'ਤੇ ਦ੍ਰਿੜ੍ਹ ਨਹੀਂ ਰਹਿੰਦੇ। ਉਹਨਾਂ ਦਾ ਕੋਈ ਅਸੂਲ ਹੀ ਨਹੀਂ। ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇਕ ਨੂੰ ਢਾਹੁੰਦੇ। "ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ" ਦੀਆਂ ਬੜਕਾਂ ਮਾਰਨ ਵਾਲੇ "ਪੰਥ ਕੀ ਜੀਤ' ਮਈ ਖ਼ਾਲਸਾ ਪੰਥ ਐਨਟਿਟੀ (ਏਨਟਟਿਟੲ) ਦੀਆਂ ਟਾਹਰਾਂ ਛੱਡਣ ਵਾਲੇ ਭੀ ਅੱਜ ਹਾਰੇ ਹੋਏ ਪਾਲੇਟੀਸ਼ਨਾਂ ਤੇ ਕਮਜ਼ੋਰ ਮੰਗਤਿਆਂ ਵਾਂਗੂੰ ਪੰਜਾਬੀ ਸੂਬੇ ਦੀਆਂ ਮੰਗਾਂ ਮੰਗ ਰਹੇ ਹਨ। ਓਹਨਾਂ ਅੱਵਲ-ਪੰਥੀਆਂ ਦੀ ਨਿਰੋਲ ਪੰਥਕ ਨਿਰੋਲਤਾ ਬਣਾਉਣ ਵਾਲੀ ਟਾਹਰ ਕਿਥੇ ਗਈ? ਉਨ੍ਹਾਂ ਨੂੰ ਖ਼ਾਲਸਈ ਨਾਹਰਿਆਂ 'ਤੇ ਵਿਸ਼ਵਾਸ ਨਹੀਂ ਰਿਹਾ: ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥ ਵਾਲੇ ਸ੍ਰੀ ਦਸਮੇਸ਼ ਮੁਖਵਾਕ 'ਤੇ ਭਰੋਸਾ ਹੀ ਨਹੀਂ ਰਿਹਾ। ਉਹ ਹੁਣ ਅਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫ਼ਖ਼ਰ ਸਮਝਦੇ ਹਨ। ਉਹ ਮੁੜ ਹਿੰਦੂਆਂ ਵਿਚ ਮਿਲਗੋਭਾ (Amalgamate) ਹੋ ਕੇ ਮਲੀਆਮੇਟ ਹੋਣ 'ਤੇ ਲੱਕ ਬੰਨੀ ਬੈਠੇ ਹਨ। ਤੇ ਇਸ ਗੁਰਮਤਿ-ਹੀਣੀ ਗੱਲ ਨੂੰ ਜਿਤਲਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿੱਖ ਹਿੰਦੂਆਂ ਵਿੱਚੋਂ ਹੀ ਨਿਕਲੇ ਹਨ। ਉਹਨਾਂ ਨੂੰ ਇਸ ਗੱਲ ਦੇ ਹਾਮੀ ਹੋਣ ਵਿਚ ਰੰਚਕ ਮਾਤਰ ਭੀ ਲੱਜਾ ਨਹੀਂ ਆਉਂਦੀ। ਉਹਨਾਂ ਨੂੰ ਇਸ ਗੱਲ ਦੀ ਪ੍ਰਤੀਤ ਹੀ ਨਹੀਂ ਆਉਂਦੀ ਕਿ ਖ਼ਾਲਸਾ ਕੌਮ ਲਈ ਸਿੱਖ ਜਨਤਾ ਗੁਰੂ ਨਾਨਕ ਸਾਹਿਬ ਦੀ ਕੁੱਖ ਵਿੱਚੋਂ ਨਿਕਲੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੀ ਗੋਦ ਵਿਚ ਪਲੀ ਹੈ। ਹਿੰਦੂਆਂ ਵਿੱਚੋਂ ਨਿਕਲੇ ਆਖਣ ਵਾਲੇ ਖ਼ੁਦ ਹਿੰਦੂ ਹਨ ਅਤੇ ਹਿੰਦੂ ਕੌਮ ਦੇ ਹਾਮੀ ਹਨ। ਹਿੰਦੂ ਇਕ ਗ਼ੁਲਾਮ ਕੌਮ ਹੈ। ਧੁਰ ਤੋਂ ਗ਼ੁਲਾਮ ਹੀ ਚਲੀ ਆਉਂਦੀ ਹੈ। ਅਜਿਹੀ ਗ਼ੁਲਾਮ ਕੌਮ ਦੀ ਸ਼ਫ਼ਾਅਤ ਢੂੰਡਣ ਵਾਲੇ ਲੋਕ ਗ਼ੁਲਾਮਾਂ ਦੇ ਗ਼ੁਲਾਮ ਹਨ। ਉਨ੍ਹਾਂ ਨੂੰ ਚੜ੍ਹਦੀ ਕਲਾ ਕਿਥੇ? ਤਿਨ੍ਹਾਂ ਨੂੰ "ਸਿਰ ਊਪਰਿ ਠਾਢਾ ਗੁਰੁ ਸੂਰਾ" ਨਜ਼ਰ ਹੀ ਨਹੀਂ ਆਉਂਦਾ। ਤਿਨ੍ਹਾਂ ਦੇ ਕਾਰਜ ਕਿਥੋਂ ਅਤੇ ਕਿਵੂੰ ਪੂਰੇ ਹੋਣੇ ਹਨ?

ਸਤਿਗੁਰੂ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ, ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉੱਤੇ ਕਾਇਮ ਦਾਇਮ ਜਾਣਦੇ ਹਨ। ਤਿਨ੍ਹਾਂ ਚੜ੍ਹਦੀ ਕਲਾ ਵਾਲੇ ਸਿੰਘ ਸੂਰਮਿਆਂ ਦੇ ਸੀਸ ਉੱਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆਂ ਹਨ। ਅਜਿਹੇ ਸਿੰਘਾਂ ਸੂਰਮਿਆਂ ਦੇ ਆਤਮਾ ਅੰਦਰ ਹੀ ਗੁਰੂ ਕੀ ਸੂਰਮਤ-ਕਲਾ ਵਰਤਦੀ ਹੈ। ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ। ਜਦੋਂ ਨੇੜੇ-ਤੇੜੇ ਇਹ ਸਮਾਂ ਢੁਕ ਆਇਆ ਤੇ ਖ਼ਾਲਸਾ ਕੌਮ ਅੰਦਰ ਇਸ ਜ਼ਾਹਿਰੀ ਕਲਾ ਦਾ ਪਰਤੱਖ ਜ਼ਹੂਰ ਪੁਰ-ਨੂਰ ਵਰਤ ਗਿਆ, ਉਸ ਛਿਨ ਅੰਦਰ ਤੱਤਕਾਲ ਹੀ ਖ਼ਾਲਸਈ ਹਲੇਮੀ ਰਾਜ ਹੋ ਜਾਏਗਾ। ਜ਼ਰੂਰ ਹੋਏਗਾ! ਹੋ ਕੇ ਹੀ ਰਹੇਗਾ। ਸ੍ਰੀ ਖੜਗੇਸ਼ ਗੁਰੂ, ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਿਰ ਕਲਾ ਵਰਤੇਗੀ। ਉਸ ਦਾ ਜ਼ਹੂਰ ਘਟਿ ਘਟਿ ਅੰਦਰ ਆ ਵਰਤੇਗਾ। ਇਉਂ ਗੁਰੂ ਅਵਤਾਰ ਧਾਰਨ ਦੇ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ।

ਖ਼ਾਲਸਾ ਜੀ ਦੀ ਫ਼ਤਹਿ ਖੜਕ ਦੇ ਆਸਰੇ ਹੈ, ਨਾਮ ਖੰਡੇ ਦੇ ਆਸਰੇ ਹੈ। ਏਸੇ ਨਾਮ-ਖੰਡੇ ਨੇ ਜੋਤਿ-ਤੇਜਸੀ ਖੰਡਾ ਬਣ ਜਾਣਾ ਹੈ। ਏਸੇ ਜੋਤਿ-ਤੇਜਸੀ ਖੰਡੇ ਦੇ ਖੜਕਾਉਣ ਲਈ ਸ੍ਰੀ ਖੜਗੇਸ਼ ਗੁਰੂ ਦਸਮੇਸ਼ ਜੀ ਨੇ ਖ਼ਾਲਸਾ ਕੌਮ ਨੂੰ ਸਾਜਿਆ ਹੈ। ਏਸੇ ਖੜਗੇਸ਼ ਖੰਡੇ ਦਾ ਨਾਮ ਭਗਉਤੀ ਹੈ, ਜਿਸ ਦੀ ਟੇਕ ਵਿਚ, ਜਿਸ ਦੀ ਗੋਦ ਵਿਚ ਖ਼ਾਲਸੇ ਨੇ

***(ਬਾਕੀ ਪੰਨਾ 24 'ਤੇ)***



# ਸਗੁਰੇ ਹੋਣ ਦੀ ਜੁਗਤੀ ਅੰਮ੍ਰਿਤ-ਮਰਯਾਦਾ ਵਿੱਚ ਹੀ ਹੈ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਸਤਿਗੁਰੂ ਦੇ ਪਾਵਣ ਦੀ ਬਿਧੀ, ਨਿਗੁਰਿਓਂ ਸਗੁਰੇ ਹੋਣ ਦੀ ਜੁਗਤੀ, ਮਨਮੁਖ ਤੋਂ ਗੁਰਮੁਖਿ ਬਣਨ ਦੀ ਬਿਉਂਤ, ਨਾਮ ਹੀਣ ਤੋਂ ਨਾਮ ਪ੍ਰਬੀਨ ਹੋਣ ਦੀ ਸਬੀਲ, ਇਹ ਸਭ ਕੁਛ ਸ੍ਰੀ ਦਸਮੇਸ਼ ਦੀ ਪ੍ਰਚੁਰਤ ਕੀਤੀ ਪਵਿੱਤਰ ਅੰਮ੍ਰਿਤ ਮਰਯਾਦਾ ਵਿਚ ਹੈ। ਜਿਸ ਪ੍ਰਾਣੀ ਨੇ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ ਉਸ ਨੇ ਨਾ ਸਤਿਗੁਰੂ ਨੂੰ ਪਾਇਆ ਹੈ, ਨਾ ਹੀ ਉਸ ਨੂੰ ਸਤਿਗੁਰੂ ਮਿਲਿਆ ਹੈ। ਉਸ ਨੇ ਗੁਰੂ ਧਾਰਨ ਹੀ ਨਹੀਂ ਕੀਤਾ, ਉਹ ਨਿਗੁਰਾ ਹੈ। ਉਹ ਗੁਰੂ ਦਾ ਸਿਖ ਹੀ ਨਹੀਂ ਬਣਿਆ। ਉਸ ਨੂੰ ਨਾਮ ਗੁਰਮੰਤ੍ਰ ਪ੍ਰਾਪਤਿ ਹੀ ਨਹੀਂ ਹੋ ਸਕਦਾ। ਜਿਸ ਦਾ ਕੋਈ ਇਸ਼ਟ ਗੁਰੂ ਹੀ ਨਹੀਂ, ਉਸ ਨੂੰ ਨਾਮ ਕਿਥੋਂ? ਕੋਈ ਇੱਕ ਇਕੱਲਾ ਅਲਪੱਗ ਦੇਹਧਾਰੀ ਦਸਾਂ ਗੁਰੂ ਸਾਹਿਬਾਨ ਤੋਂ ਪਸਚਾਤ, ਨਾ ਹੀ ਇਸ਼ਟ ਹੋ ਸਕਦਾ ਹੈ, ਨਾ ਹੀ ਸਤਿਗੁਰੂ ਸਦਾ ਸਕਦਾ ਹੈ।

ਸ੍ਰੀ ਗੁਰੂ ਦਸਮੇਸ਼-ਅਸਥਾਪਨ-ਕੀਤਾ-ਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਭ ਸਿਖਾਂ ਦਾ ਗੁਰੂ ਹੈ। ਸ੍ਰੀ ਗੁਰੂ ਦਸਮੇਸ਼ ਦਾ ਸਭ ਸਿਖਨ ਕਉ ਹੁਕਮ ਹੈ ਕਿ 'ਗੁਰੂ ਮਾਨੀਓ ਗ੍ਰੰਥ', ਹਾਂ ਜੀ! ਸਭ ਸਿਖਨ ਕੋ ਹੁਕਮ ਹੈ। ਇਸ ਹੁਕਮ ਤੋਂ ਬਾਹਰਾ ਕੋਈ ਭੀ ਸਿੱਖ ਨਹੀਂ। ਜੋ ਇਸ ਹੁਕਮ ਤੋਂ ਮੁਨਹਰਫ ਹੋ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਆਪੋ ਆਪਣੇ ਦੇਹ ਧਾਰੀ ਅਲਪੱਗ ਗੁਰੂ ਬਣਾਉਂਦੇ ਫਿਰਦੇ ਹਨ, ਉਹ ਗੁਰੂ ਦੇ ਸਿਖ ਨਹੀਂ; ਗੁਰੂ ਤੋਂ ਬੇਮੁਖ ਹਨ। ਸਤਿਗੁਰੂ ਤੋਂ ਮੁਨਹਰਫ, ਗੁਰੂ ਦਸਮੇਸ਼-ਹੁਕਮਾਂ ਤੋਂ ਆਕੀ ਹਨ। ਉਹ ਸ੍ਰੀ ਗੁਰੂ ਦਸਮੇਸ਼ ਨੂੰ ਭੀ ਆਪਣਾ ਗੁਰੂ ਨਹੀਂ ਸਮਝਦੇ। ਸ੍ਰੀ ਗੁਰੂ ਦਸਮੇਸ਼ ਜੀ ਨੂੰ ਸਿਰਫ ਸੋਈ ਸਿੱਖ ਆਪਣਾ ਗੁਰੂ ਮੰਨਦੇ ਹਨ ਜੋ ਸ੍ਰੀ ਗੁਰੂ ਦਸਮੇਸ਼ ਜੀ ਦਾ 'ਸਭ ਸਿਖਨ ਕਉ ਹੁਕਮ ਗੁਰੂ ਮਾਨੀਓ ਗ੍ਰੰਥ' ਵਾਲਾ ਹੁਕਮ ਮਨ, ਬਚਨ ਕਰਮ, ਕਰਕੇ ਮੰਨਦੇ ਹਨ ਅਤੇ ਸਤਿ ਕਰਕੇ ਮੰਨਦੇ ਹਨ ਤੇ ਮੰਨ ਕੇ ਉਸ ਹੁਕਮ ਉੱਪਰ ਚਲਦੇ ਹਨ। ਉਹ ਸਿਖ ਗੁਰੂ ਨਾਨਕ-ਦਸਮੇਸ਼ ਸੰਪ੍ਰਦਾਇ ਦੇ ਸਿਖ ਨਹੀਂ ਜੋ ਸ੍ਰੀ ਗੁਰੂ ਦਸਮੇਸ਼ ਜੀ ਦੇ ਇਸ ਹੁਕਮ ਦੇ ਧਾਰਨੀ ਨਹੀਂ। ਉਹ ਹੋਰ ਕਿਸੇ ਪੱਧਤ ਪਰਪਾਟੀ ਦੇ ਹੋਰ ਕਿਸੇ ਸ਼ਰੇਣੀ ਦੇ ਸਿੱਖ ਹੋਣਗੇ, ਪਰ ਸ੍ਰੀ ਗੁਰੂ ਨਾਨਕ ਦਸਮੇਸ਼ ਸੰਪ੍ਰਦਾਇ ਦੇ ਸਿੱਖ ਨਹੀਂ ਸਦਾ ਸਕਦੇ, ਜੋ ਸ੍ਰੀ ਗੁਰੂ ਦਸਮੇਸ਼ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕਰਦੇ, ਬਲਕਿ ਹੋਰ ਹੋਰ ਅਲਪੱਗ ਦੇਹਧਾਰੀਆਂ ਨੂੰ ਗੁਰੂ ਥਾਪੀ ਫਿਰਦੇ ਹਨ। ਗੁਰਮਤਿ ਨਾਮ ਸਿਮਰਨ ਦੀ ਅਣਮੁੱਲੀ ਦਾਤਿ ਉਹਨਾਂ ਗੁਰੂ-ਡੰਮੀਆਂ ਦੇ ਹੱਥ ਉੱਕੀ ਹੀ ਨਹੀਂ ਆ ਸਕਦੀ।

ਹਰਿਨਾਮ ਰੂਪੀ ਸੱਚਾ ਨਿਰਮਲ ਅਤੇ ਅਪਰ ਅਪਾਰ ਧਨ ਕੇਵਲ ਗੁਰੂ ਨਾਨਕ ਦਸਮੇਸ਼ ਦੇ ਘਰ ਵਿਚ ਰਹਿ ਕੇ ਹੀ ਵਣਜਿਆ ਵਪਾਰਿਆ ਜਾ ਸਕਦਾ ਹੈ ।

ਪ੍ਰੰਤੂ ਇਹ ਤੱਤ ਅੰਮ੍ਰਿਤ, ਅੰਮ੍ਰਿਤ ਰਸਾਇਣੀ ਖੀਰ ਮਥੇ ਤੋਂ ਹੀ ਪ੍ਰਾਪਤ ਹੁੰਦਾ ਹੈ, ਨੀਰ-ਵਿਰੋਲਿਆਂ ਨਹੀਂ ਹੁੰਦਾ। ਗੁਰਬਾਣੀ ਹੀ ਅੰਮ੍ਰਿਤ ਰਸਾਇਣੀ ਖੀਰ ਸਮੁੰਦਰ ਹੈ, ਜਿਸ ਨੂੰ ਮਥਿਆਂ ਅੰਮ੍ਰਿਤ ਗੁਣ ਰੂਪੀ ਹੀਰਾ ਰਤਨ ਜੋਤਿ-ਵਿਗਾਸ ਜਗਮਗੀ ਸਰੂਪ ਵਿਖੇ ਘਟ ਅੰਤਰਿ ਹੀ ਆਨਿ ਜਗਮਗਾਉਂਦਾ ਹੈ। ਅਨਦਿਨ ਗੁਰਬਾਣੀ ਰੂਪੀ ਗੁਣ ਗਾਵਣ ਕਰਿ, ਅੰਮ੍ਰਿਤ ਨਾਮ ਰੂਪੀ ਤੱਤ ਘਟ ਵਿਚੋਂ ਵਿਗਸ ਆਉਂਦੀ ਹੈ। ਯਥਾ ਗੁਰਵਾਕ -

***ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟ ਕਿਤ॥***
***ਅੰਗ - ੫੨੫***

ਰਵਣ ਯੋਗ ਗੋਬਿੰਦ ਗੁਣਾਂ ਦਾ ਸਾਗਰ ਗੁਰਬਾਣੀ ਦੇ ਬੋਹਿਥ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ ਹੀ ਹਨ, ਜਿਸ ਅੰਦਰ ਧੁਰ ਕੀ ਆਈ ਪਾਰਸ ਬਾਣੀ ਰੂਪੀ ਅੰਮ੍ਰਿਤ ਭਰਪੂਰ ਹੈ, ਪੂਰੇ ਪੂਰ ਭਰਪੂਰ ਹੈ।

ਸਤਿਗੁਰੂ ਨਾ ਸਿਰਫ ਸਿਮਰਨ-ਦਾਤਾ ਹੀ ਹੈ, ਬਲਕਿ ਧੁਰੋਂ ਆਈ ਬਾਣੀ ਰੂਪੀ ਅੰਮ੍ਰਿਤ ਬਚਨਾਂ ਦਾ ਤਤ ਬਿਖਿਆਤਾ ਹੈ। ਸੋ ਸਤਿਗੁਰੂ ਗੁਰਦੇਵ ਹੀ ਸੱਚੀ ਪਦਵੀ

**(ਬਾਕੀ ਪੰਨਾ 25 'ਤੇ)**

# ਬੇਕਸਾਂ ਦਾ ਯਾਰ ਗੁਰ ਗੋਬਿੰਦ ਸਿੰਘ

*[ਪ੍ਰਿੰਸੀਪਲ ਜਗਜੀਤ ਸਿੰਘ, ਚੰਡੀਗੜ੍ਹ]*

ਇਸ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਹਿੰਦੂਆਂ ਦੀ ਜਾਤ-ਵੰਡ ਭੁੱਲੇ-ਵਿਸਰੇ ਸਮਿਆਂ ਤੋਂ ਭਾਰਤ ਦੇ ਸਮਾਜਕ ਤਾਣੇ-ਪੇਟੇ ਵਿਚ ਉਣੀ-ਬੁਣੀ ਪਈ ਹੈ ਤੇ ਇਹ ਵੀ ਸੱਚ ਹੈ ਕਿ ਦਸਵੀਂ ਸਦੀ ਤੋਂ ਜਾਂ ਮੁਸਲਮਾਨ ਸ਼ਾਸਨ-ਕਾਲ ਦੇ ਅਰੰਭ ਤੋਂ ਹੀ ਭਾਰਤ ਵਿਚ ਜ਼ੋਰ-ਜਬਰ ਨਾਲ ਇਸਲਾਮ ਫੈਲਾਇਆ ਜਾਣ ਲੱਗਾ। ਇਸ ਨੇ ਦੇਸ਼ ਦੀ ਪਹਿਲੀ ਨਿੱਘਰੀ ਦਸ਼ਾ ਵਿਚ ਅੰਤਾਂ ਦਾ ਵਾਧਾ ਕੀਤਾ। ਜਾਤ-ਵੰਡ ਨੇ ਹਿੰਦੂਆਂ ਦੇ ਜਾਨ-ਮਾਲ ਆਖਰ ਮੁਗਲ ਜਰਵਾਣਿਆ ਦੇ ਅੱਗੇ ਢੇਰੀ ਕਰ ਦਿੱਤੇ। ਪਰਜਾ ਖਾਸ ਕਰ ਹਿੰਦੂਆਂ ਵਿਚ ਹਰ ਪਾਸੇ ਬੇਕਸੀ ਤੇ ਬੇਕਸ ਅਰਥਾਤ ਨਿਮਾਣੇ, ਨਿਤਾਣੇ, ਨਿਆਸਰੇ, ਬੁਝੇ ਪਿੜੇ, ਦੁਖੀ ਤੇ ਕਾਇਰ ਸਨ।

ਪਹਿਲੇ ਨੌਂ ਗੁਰੂ ਸਾਹਿਬਾਨ ਨੇ ਬੇਕਸਾਂ ਦੀ ਨਿੱਘਰੀ ਦਸ਼ਾ ਅਮਲੀ ਰੂਪ ਵਿਚ ਸੁਧਾਰਨ ਲਈ ਸਰਬੱਤ ਦੇ ਭਲੇ ਦੇ ਸੰਦਰਭ ਵਿਚ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤ-ਆਦੇਸ਼ਾਂ ਤੇ ਸੰਗਤ-ਪੰਗਤ ਨੂੰ ਅਮਲੀ ਰੂਪ ਵਿਚ ਪਰਚਾਰਿਆ ਤੇ ਇਨ੍ਹਾਂ ਦੇ ਰਾਹ ਵਿਚ ਆਈਆਂ ਔਕੜਾਂ ਦੂਰ ਕਰਨ ਲਈ ਵਿਤੋਂ ਵੱਧ ਹੋ ਯਤਨਸ਼ੀਲ ਰਹੇ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਤੋਂ ਅਨੇਕਾਂ ਸਿੱਖਾਂ ਦੀਆਂ ਸ਼ਹੀਦੀਆਂ ਇਨ੍ਹਾਂ ਯਤਨਾਂ ਦਾ ਨਤੀਜਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਿਤਾ ਜੀ ਦੇ ਦਿੱਤੇ ਆਦੇਸ਼ ਅਨੁਸਾਰ ਸਿੱਖਾਂ ਨੂੰ ਸੰਤ ਸਿਪਾਹੀ ਬਣਾਉਣਾ ਆਰੰਭ ਕੀਤਾ ਅਤੇ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਹਦਾਇਤ ਅਨੁਸਾਰ ਗੁਰੂ ਤੇਗ ਬਹਾਦਰ ਨੇ ਮੁਗਲ ਹਕੂਮਤ ਵਿਰੁੱਧ ਜੰਗਾਂ ਕੀਤੀਆਂ ਤੇ ਜਿੱਤੀਆਂ। ਸਿੱਖਾਂ ਨੇ ਆਪਣੇ ਗੁਰੂ ਸਾਹਿਬ ਦੀ ਪੈਰਵੀ ਵਿਚ ਫੌਜੀ ਸਿਖਲਾਈ ਵਿਚ ਨਿਪੁੰਨ ਹੋ ਹਕੂਮਤ ਨੂੰ ਚੰਗੇ ਕਰਾਰੇ ਹੱਥ ਦਿਖਾਏ।

(ਗੁਰੂ) ਗੋਬਿੰਦ ਰਾਏ, ਪਿੱਛੋਂ ਗੁਰੂ ਗੋਬਿੰਦ ਸਿੰਘ ਦੇ ਨਾਂਅ ਨਾਲ ਪ੍ਰਸਿੱਧ ਹੋਏ, ਦਾ ਜਨਮ ਪੋਹ ਸੁਦੀ ਸਤਵੀਂ ਸੰਮਤ ਬਿਕਰਮੀ ੧੭੨੩ (੨੨ ਦਸੰਬਰ ੧੬੬੬ ਈਸਵੀ) ਨੂੰ ਪਟਨਾ ਸਾਹਿਬ (ਮੌਜੂਦਾ ਬਿਹਾਰ ਪ੍ਰਦੇਸ਼ ਦੀ ਰਾਜਧਾਨੀ) ਵਿਚ ਹੋਇਆ। ਭੀਖਣ ਸ਼ਾਹ ਸੱਯਦ ਨੂੰ ਉਸ ਦਿਨ ਹੀ ਸਹਿਜ-ਗਿਆਨ ਦੁਆਰਾ ਆਪਣੀ ਰਿਹਾਇਸ਼, ਤੋਂ ਪੂਰਬ ਵੱਲ ਮੈਂ ਅਪਨਾ ਸੁਤ ਤੋਹਿ ਨਿਵਾਜਾ (ਬਚਿਤ੍ਰ ਨਾਟਕ) (ਗੁਰੂ) ਗੋਬਿੰਦ ਰਾਏ ਦੇ ਪ੍ਰਕਾਸ਼ ਦਾ ਪਤਾ ਲੱਗ ਗਿਆ ਤੇ ਉਸ ਨੇ ਬਜਾਏ ਪੱਛਮ ਦੇ, ਪੂਰਬ ਵੱਲ ਰੁਖ ਕਰ ਕੇ ਨਿਮਾਜ਼ ਪੜ੍ਹੀ। ਪਿੱਛੋਂ ਅਜਮਾਇਸ਼ ਲਈ ਆਪ ਪਟਨੇ ਪੁੱਜੇ। ਗੁਰੂ ਜੀ ਨੇ ਅੱਗੇ ਦੁੱਧ ਤੇ ਪਾਣੀ ਦੀਆਂ ਭਰੀਆਂ ਦੋਵਾਂ ਕੁੱਜੀਆਂ ਉੱਤੇ ਆਪਣੇ ਹੱਥ ਰੱਖ ਦਿੱਤੇ। ਉਸ ਨੂੰ ਪੂਰਾ ਭਰੋਸਾ ਹੋਇਆ ਕਿ ਗੁਰ-ਸਪੂਤ ਹਿੰਦੂਆਂ ਤੇ ਮੁਸਲਮਾਨਾਂ ਨਾਲ ਸਾਵਾਂ ਸਲੂਕ ਕਰੇਗਾ।

ਬਾਲ ਅਵਸਥਾ ਵਿਚ ਆਪ ਆਪਣੇ ਹਾਣੀਆਂ ਨਾਲ ਖੇਡਦੇ ਖੇਡਦੇ ਰਾਜਾ ਫਤਹ ਚੰਦ ਮੈਣੀ ਦੀ ਬੇ-ਔਲਾਦ ਰਾਣੀ ਪਾਸ ਚਲੇ ਗਏ। ਬੇ-ਔਲਾਦ ਰਾਣੀ ਨੂੰ ਵੇਖਿਆ ਕਿ ਕਾਸ਼ ਗੁਰ-ਸਪੂਤ ਵਰਗਾ ਉਸ ਦਾ ਪੁੱਤਰ ਹੁੰਦਾ। ਆਪ ਦਿਲਾਂ ਦੀਆਂ ਜਾਣਨ ਵਾਲੇ ਰਾਣੀ ਦੀ ਗੋਦ ਵਿਚ ਜਾ ਬੈਠੇ ਤੇ 'ਮਾਂ' ਕਹਿ ਕੇ ਬੁਲਾਇਆ ਤੇ ਉਸ ਦੀ ਹੀਣ-ਭਾਵਨਾ ਨੂੰ ਖਤਮ ਕੀਤਾ।

ਬਾਲ ਵਰੇਸ ਵਿਚ ਖੇਡਦਿਆਂ-ਖੇਡਦਿਆਂ ਆਪ ਦਾ ਇਕ ਸੋਨੇ ਦਾ ਕੰਗਣ ਗੰਗਾ ਨਦੀ (ਪਟਨਾ ਸਾਹਿਬ) ਵਿਚ ਡਿੱਗ ਪਿਆ। ਆਪ ਦੇ ਮਾਮਾ ਕਿਰਪਾਲ ਚੰਦ ਦੇ ਪੁੱਛਣ 'ਤੇ ਦੂਜਾ ਕੰਗਣ ਵੀ ਉਤਾਰ ਕੇ ਨਦੀ ਵਿਚ ਸੁੱਟ ਦਿੱਤਾ, ਉਥੇ ਜਿਥੇ ਪਹਿਲਾਂ ਗਵਾਚਿਆ ਸੀ। ਮਾਮਾ ਜੀ ਦੀ ਪ੍ਰੇਸ਼ਾਨੀ ਦੇਖ ਕੇ ਆਪ ਸਹਿਜ-ਸੁਭਾਅ ਬੋਲੇ, 'ਜਾਣ ਵਾਲੀ ਚੀਜ਼ ਨੇ ਆਖਿਰ ਜਾਣਾ ਹੀ ਸੀ, ਹਿਰਖ ਕਾਹਦਾ? ਇਹ ਨੁਕਸਾਨ ਭਵਿੱਖ ਵਿਚ ਹੋਣ ਵਾਲੇ ਜਾਨੀ-ਮਾਲੀ ਨੁਕਸਾਨ ਦੇ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਸਤੇ ਭੂਮਿਕਾ ਹੋ ਨਿਬੜਿਆ।

ਗੁਰ-ਸਪੂਤ ਦੀ ਬਾਲ-ਲੀਲ੍ਹਾ ਵਿਲੱਖਣ ਸੀ। ਗੰਗਾ ਨਦੀ ਜਾਂ ਖੂਹ ਤੋਂ ਪਾਣੀ ਭਰ ਕੇ ਵਾਪਸ ਜਾਂਦੀਆਂ ਤਰੀਮਤਾਂ ਦੇ ਘੜੇ ਗੁਲੇਲਿਆਂ ਜਾਂ ਤੀਰਾਂ ਨਾਲ ਤੋੜ ਦੇਂਦੇ। ਮਾਤਾ ਜੀ

ਨੂੰ ਉਲਾਭੇ ਝੱਲਣੇ ਪੈਂਦੇ। ਕਈ ਵਾਰ ਉਨ੍ਹਾਂ ਨੂੰ ਨਵੇਂ ਲੈ ਕੇ ਦੇਣੇ ਪੈਂਦੇ। ਫੇਰ ਦੋ ਟੋਲੀਆਂ ਬਣਾ ਯੁੱਧ ਖੇਡਦੇ। ਫੇਰ ਲੰਘਦਿਆਂ ਸਰਕਾਰੀ ਅਫਸਰਾਂ 'ਤੇ ਸਿਪਾਹੀਆਂ ਨੂੰ ਠੱਠਾ ਵੀ ਕਰਦੇ। ਪਟਨੇ ਦਾ ਪੰਡਤ ਸ਼ਿਵਦੱਤ ਖੁਲ੍ਹੇਆਮ ਵਰਣਨ ਕਰਦਾ ਕਿ ਆਪ ਰਾਮ ਅਵਤਾਰ ਹਨ ਤੇ ਰਾਵਣ ਜਹੇ ਦੁਸਟਾਂ ਦਾ ਨਾਸ਼ ਕਰਨ ਆਏ ਹਨ। ਜਦ ਕਦੇ ਆਪ ਦੇ ਦਰਸ਼ਨ ਕਰਦਾ ਤਾਂ ਸਤਿਕਾਰ ਸਹਿਤ ਸਿਰ ਝੁਕਾ ਦੇਂਦਾ।

ਜਦ ਬੇਕਸ ਪੰਡਤਾ ਦੇ ਕਸ਼ਮੀਰ ਤੋਂ ਆਏ ਵਫਦ ਦੀ ਫਰਿਆਦ ਦੇ ਉੱਤਰ ਵਿਚ ਗੁਰੂ ਤੇਗ ਬਹਾਦਰ ਜੀ ਨੇ ਕਿਸੇ ਮਹਾਂ ਪੁਰਸ ਵੱਲੋਂ ਕੁਰਬਾਨੀ ਦੇਣ ਦੀ ਲੋੜ ਦਾ ਉਨ੍ਹਾਂ ਨੂੰ ਅਹਿਸਾਸ ਕਰਾਇਆ, ਤਾਂ ਬੇਕਸਾਂ ਦੀ ਹਮਦਰਦੀ ਦੀ ਰੀਝ ਵਿਚ ਗੁਰ-ਸਪੂਤ ਨੇ ਨਿੱਝਕ ਹੋ ਗੁਰੂ-ਪਿਤਾ ਦੇ ਅਲੌਕਿਕ ਮਹਾਪੁਰਸ਼ ਹੋਣ ਦੀ ਸੱਚਾਈ ਪੇਸ਼ ਕੀਤੀ। ਉਸ ਸਮੇਂ ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ, ਉਨ੍ਹਾਂ ਕਸ਼ਮੀਰੀ ਪੰਡਤਾਂ ਰਾਹੀਂ ਔਰੰਗਜ਼ੇਬ ਨੂੰ ਵੰਗਾਰ ਭੇਜੀ ਕਿ ਜੇ ਗੁਰੂ ਜੀ ਨੂੰ ਮੁਸਲਮਾਨ ਬਣਾ ਲਓ ਤਾਂ ਉਹ ਸਾਰੇ ਮੁਸਲਮਾਨ ਹੋ ਜਾਣਗੇ। ਇਹ ਵੰਗਾਰ ਆਖੀਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਕਾਰਨ ਬਣੀ। ਔਰੰਗਜ਼ੇਬ ਦੇ ਹੁਕਮ ਨਾਲ ਜੱਲਾਦ ਨੇ ਗੁਰੂ ਜੀ ਦਾ ਪਵਿੱਤਰ ਸੀਸ ਤਲਵਾਰ ਦੇ ਇਕ ਵਾਰ ਨਾਲ ਪਾਵਨ ਸਰੀਰ ਤੋਂ ਅਲੱਗ ਕਰ ਦਿੱਤਾ

*ਧਰਮ ਹੇਤ ਸਾਕਾ ਜਿਨਿ ਕੀਆ॥*
*ਸੀਸੁ ਦੀਆ ਪਰ ਸਿਰਰੁ ਨ ਦੀਆ॥*

ਨੌਵੇਂ ਸਤਿਗੁਰੂ ਦੀ ਸ਼ਹਾਦਤ ਸਖਤ ਪਹਿਰਿਆਂ ਵਿਚ ਹੋਈ ਤਾਂ ਜੁ ਪਾਵਨ ਸਰੀਰ ਕੋਈ ਲੈ ਨਾ ਜਾਵੇ। ਪਰ ਸਖਤ ਹਨੇਰੀ ਕਾਰਨ ਪਾਵਨ ਧੜ ਲੱਖੀ ਸ਼ਾਹ ਬੜੀ ਹੁਸ਼ਿਆਰੀ ਨਾਲ ਗੱਡੇ 'ਤੇ ਪਾ ਕੇ ਘਰ ਲੈ ਗਿਆ ਅਤੇ ਘਰ ਨੂੰ ਅੱਗ ਲੱਗ ਗਈ ਦਾ ਪੱਜ ਪਾ, ਘਰ ਨੂੰ ਅੱਗ ਲਾ ਕੇ ਪਾਵਨ ਧੜ ਦਾ ਸਸਕਾਰ ਕਰ ਦਿੱਤਾ। ਇਕ ਹੋਰ ਸ਼ਰਧਾਲੂ ਭਾਈ ਜੈਤਾ ਵੀ ਉਸੇ ਹੀ ਸਮੇਂ ਮੌਕਾ ਪਾ ਕੇ ਸਤਿਗੁਰੂ ਦਾ ਪਵਿੱਤਰ ਸੀਸ ਅਦਬ ਨਾਲ ਸਵੱਛ ਕੱਪੜੇ ਵਿਚ ਸੰਭਾਲ ਸਖਤ ਪਹਿਰਿਆ ਦੇ ਹੁੰਦਿਆਂ ਆਮ ਚਾਲੂ ਰਸਤੇ ਤੋਂ ਲਾਂਭੇ ਰਹਿ ਬਿਖੜੇ ਰਾਹਾਂ ਦੀਆਂ ਔਕੜਾਂ ਝਲਦਾ ਅਨੰਦਪੁਰ ਪੁੱਜਾ ਤੇ ਸੁਚੇਤ ਗੁਰੂ ਸਪੂਤ ਗੋਬਿੰਦ ਰਾਏ ਤੇ ਹਸਤ-ਕੰਵਲਾ ਤੇ ਗੁਰੂ ਪਿਤਾ ਦਾ ਸੀਸ ਟਿਕਾ ਦਿੱਤਾ। ਪਾਵਨ ਸੀਸ ਪਵਿੱਤਰ ਸਥਾਨ ਤੇ ਸੁਸ਼ੋਭਤ ਕਰ, ਅਡੋਲ ਚਿੱਤ ਰਹਿੰਦਿਆਂ, ਆਪ ਨੇ ਸਭ ਤੋਂ ਪਹਿਲਾਂ ਭਾਈ ਜੈਤਾ ਜੀ ਨੂੰ ਬਾਲ ਬਾਹਾਂ ਦੀ ਪਿਆਰ-ਸਤਿਕਾਰ ਭਰੀ ਘੁਟਣ ਵਿਚ ਲੈ ਸੀਨੇ ਨਾਲ ਲਗਾਇਆ ਤੇ ਮੁਖਾਰਬਿੰਦ ਤੋਂ ਪਿਆਰ ਸਤਿਕਾਰ ਭਰੇ ਧੰਨਤਾ ਲਖਾਇਕ ਸ਼ਬਦ ਰੰਘਰੇਟਾ ਗੁਰੂ ਦਾ ਬੇਟਾ : ਉਚਾਰੇ ਨੌਵੇਂ ਸਾਲ ਦੀ ਉਮਰੇ ਹੀ ਗੁਰਗੱਦੀ 'ਤੇ ਬੈਠਦਿਆਂ ਸਾਰ ਦਸ਼ਮੇਸ਼ ਜੀ ਨੇ ਪਿਛਲੇ ਲਗਭਗ ਦੋ ਸੌ ਸਾਲ ਦੇ ਸਮੇਂ ਅੰਦਰ ਨੌਂ ਗੁਰੂ ਸਾਹਿਬਾਨ ਦੀਆਂ ਧਰਮ ਸੰਬੰਧੀ ਕੀਤੀਆਂ ਘਾਲਨਾਵਾਂ ਦਾ ਘੋਖਵਾਂ ਅਧਿਐਨ ਕੀਤਾ। ਆਪ ਨੇ ਦੇਖਿਆ ਕਿ ਗੁਰੂ ਪਿਤਾ ਦੀ ਅਦੁੱਤੀ ਸ਼ਹਾਦਤ ਤੋਂ ਸ਼ਰਧਾਲੂਆਂ ਵਿਚ ਜੋਸ਼ ਤੇ ਰੋਹ ਦਾ ਸੰਚਾਰ ਹੋ ਰਿਹਾ ਹੈ -

*ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ।*
*ਹਯਾਤ ਤੋ ਹਯਾਤ ਹੈ ਔਰ ਮੌਤ ਭੀ ਹਯਾਤ ਹੈ।*

ਬਾਦਸ਼ਾਹ-ਦਰਵੇਸ਼ ਸਤਿਗੁਰ ਦਾ ਸ਼ਾਹੀ ਠਾਠ-ਬਾਠ, ਕਲਗੀ ਸਜਾਉਣੀ, ਤਖ਼ਤ ਤੇ ਸੁਸ਼ੋਭਤ ਹੋਣਾ, ਤਨਖਾਹਦਾਰ ਫੌਜ ਰੱਖਣੀ ਇਰਾਨੀ ਤੇ ਇਰਾਕੀ ਘੋੜਿਆਂ 'ਤੇ ਸਵਾਰੀ ਕਰਨੀ ਤੇ ਕਰਾਉਣੀ, ਸਿੱਖ ਫੌਜ ਦੇ ਕੂਚ ਤੇ ਵਾਪਸੀ ਤੋਂ ਇਲਾਵਾ ਲੰਗਰ ਚਾਲੂ ਹੋਣ ਦੇ ਮੌਕਿਆ ਤੇ ਰਣਜੀਤ ਨਗਾਰੇ ਦਾ ਵੱਜਣਾ, ਗੁਰਦੁਆਰੇ ਤੇ ਫੌਜੀ ਡੇਰਿਆਂ ਤੇ ਨਿਸ਼ਾਨ ਸਾਹਿਬ ਝੁਲਾਉਣੇ ਆਦਿ - ਸ਼ਹਿਨਸ਼ਾਹ ਔਰੰਗਜ਼ੇਬ ਲਈ ਖਿਝ ਦਾ ਕਾਰਨ ਬਣੇ ਕਿਉਂਕਿ ਇਹ ਉਸ ਦੀ ਬਰਾਬਰੀ ਕਰਨ ਤੁਲ ਸਨ ਕਿਉਂਕਿ ਅਜਿਹਾ ਕਰਨਾ ਸਿਵਾਏ ਸਹਿਨਸ਼ਾਹ ਦੇ, ਕਿਸੇ ਹੋਰ ਲਈ ਵਿਵਰਜਤ ਸੀ। ਗੈਰ-ਮੁਸਲਮਾਨਾਂ ਤੋਂ ਯਾਤਰਾ ਕਰ (ਟੈਕਸ) ਲਿਆ ਜਾਂਦਾ ਸੀ। ਪਰ ਇਸ ਦੇ ਬਾਵਜੂਦ ਸ਼ਹਿਨਸ਼ਾਹ ਦੇ ਸਹਿਨਸ਼ਾਹ ਦਸ਼ਮੇਸ਼ ਜੀ ਪੰਜ ਸੌ ਸਿੰਘਾਂ ਸਮੇਤ ਇਰਾਨੀ, ਇਰਾਕੀ ਘੋੜਿਆਂ 'ਤੇ ਸਵਾਰ ਹੋ ਧੌਂਸੇ, ਝੰਡੇ ਨਾਲ ਲੈਸ ਹੋ ਕੇ ਕੀਰਤਪੁਰ ਰੋਪੜ, ਨਾਹਨ ਪੁੱਜੇ। ਇਹ ਸਭ ਗੱਲਾਂ ਨੇ ਸਿੱਖਾਂ ਨੂੰ ਖੜ੍ਹੇ ਹੋਣ ਤੇ ਜਾਲਮ ਸਰਕਾਰ ਵਿਰੁੱਧ ਡਟ ਕੇ ਉਸ ਨਾਲ ਸਿੱਝਣ ਜੋਗੇ ਕਰ ਦਿੱਤਾ ਹਾਲਾਂਕਿ ਵੈਰੀ ਗਿਣਤੀ ਤੇ ਜੰਗੀ ਸਮਾਨ ਦੀ ਮਾਤਰਾ, ਗੁਰੂ ਜੀ ਦੇ ਸਿੱਖਾਂ ਅਤੇ ਜੰਗੀ ਸਾਮਾਨ ਨਾਲੋਂ ਕਿਤੇ ਜਿਆਦਾ ਸੀ। ਬੇਸ਼ਕ ਕਲਗੀਧਰ ਪਿਤਾ ਦੀ ਹੇਠ ਲਿਖੀ ਪ੍ਰਤਿਗਿਆ ਸੌ ਪ੍ਰਤੀਸ਼ਤ ਪੂਰੀ ਹੋਈ -

*ਸਵਾ ਲਾਖ ਸੇ ਏਕ ਲੜਾਊਂ॥*
*ਚਿੜੀਓਂ ਸੇ ਮੈਂ ਬਾਜ਼ ਤੁੜਾਊਂ॥*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ॥*

ਜੰਗਾਂ ਵਿਚ ਹਾਰਨ ਪਿੱਛੋਂ ਪਹਾੜੀ ਹਿੰਦੂ ਰਾਜਿਆ ਤੇ ਮੁਗ਼ਲ ਵੈਰੀਆਂ ਨੇ ਅਨੰਦਪੁਰ ਸਾਹਿਬ ਦਾ ਬਹੁਤ ਲੰਮੇ ਅਰਸੇ ਤਕ ਘੇਰਾ ਘੱਤੀ ਰੱਖਿਆ ਪਰ ਸਿੰਘ ਫਿਰ ਭੀ ਚੜ੍ਹਦੀ ਕਲਾ ਵਿਚ ਡਟੇ ਰਹੇ ਭਾਵੇਂ ਕਿ ਅਸਹਿ ਤੇ ਅਕਹਿ ਕਸ਼ਟ ਵੈਰੀਆਂ ਦੇ ਲਗਾਤਾਰ ਘੇਰੇ ਕਰਕੇ ਹੰਢਾਉਣੇ ਪਏ। ਆਖਿਰ ਔਰੰਗਜ਼ੇਬ ਦੇ ਲਿਖਤੀ ਭਰੋਸੇ ਉੱਤੇ ਅੱਧੀ ਰਾਤ ਪਿੱਛੋਂ ੧੭੦੪ ਈ. ਨੂੰ ਅਨੰਦਪੁਰ ਛੱਡਿਆ। ਪਰ ਮੁਗਲ ਤੇ ਪਹਾੜੀ ਫੌਜ ਦੇ ਟਿੱਡੀ ਦਲ ਤੇ ਕੁਦਰਤ ਦੀਆਂ ਆਫਤਾਂ ਹਨ੍ਹੇਰੀ ਰਾਤ, ਮੀਂਹ ਝੱਖੜ, ਅੰਤਾਂ ਦੀ ਠੰਡ ਤੇ ਰਾਹ ਵਿਚ ਪੈਂਦੀ ਸੂਕਦੀ ਸਰਸਾ ਨਦੀ ਨੇ ਜਾਨੀ ਮਾਲੀ ਤਬਾਹੀ ਕਰਨ ਵਿਚ ਕੋਈ ਕਸਰ ਨ ਛੱਡੀ। ਮਣਾਂ-ਮੂੰਹੀਂ ਸਾਹਿਤ ਨਸ਼ਟ

ਹੋ ਗਿਆ। ਦੋਵੇਂ ਵੱਡੇ ਸਾਹਿਬਜਾਦੇ, ਗੁਰੂ ਜੀ ਤੇ ਕੁਝ ਭੁੱਖੇ ਸਿੰਘ ਹੌਸਲਾ ਰਖ, ਲੜਦੇ ਹੋਏ ਚਮਕੌਰ ਦੀ ਗੜ੍ਹੀ ਪੁੱਜੇ। ਉਥੇ ਸਿੰਘਾਂ ਨੇ ਜੁਗਤ ਨਾਲ ਦਸ ਹਜ਼ਾਰ ਫੌਜ ਦਾ ਸਾਹਮਣਾ ਕਰਦਿਆਂ ਜੂਝਦਿਆਂ ਹੋਇਆ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਪੰਥ ਦਾ ਹੁਕਮ ਮੰਨ ਆਪਣੇ ਮੁਹਾਂਦਰੇ ਦੇ ਭਾਈ ਸੰਗਤ ਸਿੰਘ ਨੂੰ ਆਪਣਾ ਪੂਰਾ ਵੇਸ਼ ਦੇ ਕੇ ਔਕੜਾਂ ਝਲਦੇ ਮਾਛੀਵਾੜੇ ਦੇ ਜੰਗਲ ਵਿਚ ਪਹੁੰਚੇ। ਨਵੇਂ ਸਿਰਿਓਂ ਰੇਜ ਇਕੱਠੀ ਕਰਕੇ ਖਿਦਰਾਣੇ ਦੀ ਢਾਬ ਤੇ ਟਿਕਾਣਾ ਕਰਕੇ ਪਿਛੇ ਲੱਗੀ ਵੈਰੀ ਦੀ ਫੌਜ ਨੂੰ ਤਕੜੀ ਭਾਂਜ ਦਿੱਤੀ। ਸ਼ਹੀਦ ਸਿੰਘਾਂ ਨੂੰ ਪਵਿੱਤਰ ਗੋਦ ਵਿਚ ਲੈ ਜਿੱਤਾਂ ਤੇ ਕੁਰਬਾਨੀਆਂ ਕਰਕੇ ਫੈਜਲਗੰਜੂਰ (ਬਖਸ਼ਿਸ਼ਾਂ ਦੇ ਖਜਾਨੇ) ਬਖਸ਼ਿਸ਼ ਕੀਤੇ।

ਸਰਸਾ ਨਦੀ ਪਾਰ ਕਰਦਿਆਂ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਤੇ ਫਤਹ ਸਿੰਘ ਅਤੇ ਮਾਤਾ ਗੁਜਰੀ ਜੀ ਵਿਛੜ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਖੇੜੀ ਚਲੇ ਗਏ। ਪਰ ਉਸਨੇ ਲਾਲਚ ਵੱਸ ਹੋ ਸੂਬਾ ਸਰਹੰਦ ਪਾਸ ਉਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਦੋਵੇਂ ਸਾਹਿਬਜ਼ਾਦੇ ਉਥੇ ਉਸੇ ਦੇ ਹੁਕਮ ਨਾਲ ਸ਼ਹੀਦ ਕਰ ਦਿੱਤੇ ਗਏ। ਨਬੀ ਖਾਂ ਤੇ ਗਨੀ ਖਾਂ ਗੁਰੂ ਜੀ ਨੂੰ ਉਹਨਾਂ ਦੇ ਪੀਰ ਦੇ ਰੂਪ ਵਿਚ ਜੰਗਲ ਤੋਂ ਪਾਰ ਲੈ ਕੇ ਗਯੇ।

## ਕੁਝ ਕੇ ਸੁਘੜ ਸੱਜਣਾਂ ਦੇ ਬੇਲਾਗ ਵਿਚਾਰ

### ਗਫ (Gough)

ਗੁਰੂ ਗੋਬਿੰਦ ਸਿੰਘ ਸੰਸਾਰ ਦੇ ਇਕ ਸਿਆਣੇ, ਚੜ੍ਹਦੀ ਕਲਾ ਵਿਚ ਵਿਚਰਨ ਵਾਲੇ, ਪਵਿੱਤਰ ਜਜ਼ਬਿਆਂ ਨਾਲ ਭਰਪੂਰ ਧਾਰਮਿਕ ਰੰਗਣ ਵਿਚ ਰੰਗੇ ਹੋਏ ਮਹਾਨ ਆਗੂ ਸਨ। ਅੰਮ੍ਰਿਤ ਦੁਆਰਾ ਕੌਮ ਦੀ ਨਵੇਂ ਸਿਰਿਓਂ ਉਸਾਰੀ ਕੀਤੀ।

### ਗਾਰਡਨ (Garden)

ਜਨਤਾ ਦੀਆਂ ਮੁਰਦਾ ਹੱਡੀਆਂ ਵਿੱਚ ਜੀਵਨ ਦੀ ਨਵੀਂ ਲਹਿਰ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਨੇ ਪਾਈ। ਗੁਰੂ ਗੋਬਿੰਦ ਸਿੰਘ ਵਿਚ ਧਾਰਮਿਕ ਆਗੂ, ਬਾਦਸ਼ਾਹ, ਬਲਵਾਨ ਯੋਧੇ ਤੇ ਉੱਚੇ ਨੀਤੀਵਾਨ ਵਾਲੇ ਸਾਰੇ ਗੁਣ ਮੌਜੂਦ ਸਨ।

### ਮੁਹੰਮਦ ਲਤੀਫ

ਗੁਰੂ ਗੋਬਿੰਦ ਸਿੰਘ ਦੀ ਬਰਕਤ ਤੇ ਵਡਿਆਈ ਹੈ ਕਿ ਨਿਰਜਿੰਦ ਤੇ ਲਿਤਾੜੇ ਹੋਏ ਲੋਕ ਜਥੇਬੰਦ ਹੋ ਗਏ। ਉਹਨਾਂ ਕਰਕੇ ਹੀ ਲਤਾੜੇ ਹੋਏ ਲੋਕਾਂ ਨੇ ਰਾਜਨੀਤਕ ਦਾਸਤਾ ਤੋਂ ਆਜ਼ਾਦੀ ਪ੍ਰਾਪਤ ਕੀਤੀ।

### ਮੈਕਾਲਿਫ (Macauliffe)

ਗੁਰੂ ਗੋਬਿੰਦ ਸਿੰਘ ਪਹਿਲੇ ਨੇਤਾ ਹੋਏ ਹਨ ਜਿਨ੍ਹਾਂ ਲੋਕ ਰਾਜ ਨੂੰ ਰਾਜਸੀ ਤੇ ਧਾਰਮਿਕ ਖੇਤਰ ਵਿਚ ਅਮਲੀ ਸਕੂਲ ਦੇ ਕੇ ਅਪਣਾਇਆ। ਇਸ ਤਰ੍ਹਾਂ ਗੁਰੂ ਜੀ ਨੇ ਧਰਮ ਨੂੰ ਪੰਚਾਇਤੀ ਅਸੂਲਾਂ ਦੇ ਅਧੀਨ ਕਰਕੇ ਹਰ ਵਿਅਕਤੀ ਨੂੰ ਆਪਣਾ ਸਵਾਭਿਮਾਨ ਪੂਰੀ ਤਰ੍ਹਾਂ ਮਾਨਣ ਤੇ ਪ੍ਰਫੁੱਲਤ ਕਰਨ ਦਾ ਅਵਸਰ ਦਿੱਤਾ। ਗੁਰੂ ਨਾਨਕ ਵਾਂਗ ਗੁਰੂ ਗੋਬਿੰਦ ਸਿੰਘ ਨੇ ਪਵਿੱਤਰ ਜੀਵਨ 'ਤੇ ਸਭ ਤੋਂ ਵੱਧ ਜੋਰ ਦਿੱਤਾ ਪਰ ਬਹਾਦਰੀ ਦੇ ਕਾਰਨਾਮਿਆਂ ਤੇ ਕੰਮ ਦੀ ਉਸਾਰੀ ਨੂੰ ਭੀ ਨਾਲ ਹੀ ਥਾਂ ਦਿੱਤੀ।

### ਦੌਲਤ ਰਾਏ

ਇਕ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਬਹੁਤ ਕਠਨ ਹੁੰਦੇ ਹਨ ਪਰ ਗੁਰੂ ਗੋਬਿੰਦ ਸਿੰਘ ਹਰ ਪਾਸਿਓਂ ਮੁਕੰਮਲ ਸ਼ਖ਼ਸੀਅਤ ਸਨ। ਉਹ ਮਹਾ ਕਵੀ, ਧਾਰਮਿਕ ਨੇਤਾ, ਚੋਟੀ ਦੇ ਸੁਧਾਰਕ, ਮੰਨੇ ਪ੍ਰਮੰਨੇ ਵਿਦਵਾਨ, ਬਲਵਾਨ ਯੋਧੇ ਤੇ ਜਰਨੈਲ ਸਨ। ਉਹ ਦੂਰ-ਅੰਦੇਸ਼ ਦੇਸ਼ ਭਗਤ ਸਨ। ਉਨ੍ਹਾਂ ਨੇ ਧਰਮ ਦੀ ਅਣਥੱਕ ਸੇਵਾ ਕੀਤੀ। ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮ ਚੰਦਰ ਜੀ, ਆਪਣੀ ਥਾਂ 'ਤੇ ਵੱਡੀਆਂ ਹਸਤੀਆਂ ਹੋਈਆਂ ਹਨ। ਗੁਰੂ ਗੋਬਿੰਦ ਸਿੰਘ ਉਨ੍ਹਾਂ ਤੋਂ ਬਹੁਤ ਉੱਚਾ ਦਰਜਾ ਰੱਖਦੇ ਸਨ। ਕ੍ਰਿਸ਼ਨ ਜੀ ਰਣਭੂਮੀ ਵਿਚ ਰਾਜਿਆਂ ਤੇ ਸ਼ਾਹਜ਼ਾਦਿਆਂ ਦੇ ਦਿਲਾਂ ਵਿਚ ਕਮਜ਼ੋਰੀ ਕੱਢਣ ਦਾ ਯਤਨ ਕਰਦੇ ਸਨ। ਪਰ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਲੋਕਾਂ ਨੂੰ ਉੱਚਾ ਚੁੱਕਿਆ ਜੋ ਕਿ ਮਿੱਟੀ ਵਿਚ ਰੁਲਦੇ ਪਏ ਸਨ, ਜਿਨ੍ਹਾਂ ਨੂੰ ਇਹ ਚਿੱਤ ਚੇਤੇ ਵੀ ਨਹੀਂ ਸੀ ਕਿ ਉਹ ਕਦੀ ਜੰਗ ਦੇ ਮੈਦਾਨ ਵਿਚ ਜਾ ਕੇ ਬਹਾਦਰੀ ਦੇ ਕਾਰਨਾਮੇ ਕਰ ਦਿਖਾਉਣਗੇ। ਗੁਰੂ ਗੋਬਿੰਦ ਸਿੰਘ ਇਕ ਮਹਾਨ ਯੋਧੇ ਤੇ ਸੱਚੇ ਕੌਮਪ੍ਰਸਤ ਸਨ।

### ਗੋਕਲ ਚੰਦ ਨਾਰੰਗ

ਗੁਰੂ ਗੋਬਿੰਦ ਸਿੰਘ ਦੇ ਅਸਰ ਹੇਠ ਅਜਿਹੇ ਮਨੁੱਖ ਭੀ ਰਣਭੂਮੀ ਦੇ ਸੂਰਮੇ ਬਣ ਗਏ ਜਿਨ੍ਹਾਂ ਨੇ ਤਲਵਾਰ ਨੂੰ ਕਦੇ ਹੱਥ ਨਹੀਂ ਸੀ ਲਾਇਆ ਜਾਂ ਮੋਢੇ ਉਤੇ ਬੰਦੂਕ ਰੱਖ ਕੇ ਨਹੀਂ ਸੀ ਦੇਖੀ।

### ਇੰਦੂ ਭੂਸ਼ਨ ਬੇਨਰਜੀ

ਗੁਰੂ ਗੋਬਿੰਦ ਸਿੰਘ ਨੇ ਨਵੇਂ ਢੰਗ ਦੇ ਲੋਕਾਂ ਨੂੰ ਜਨਮ ਦਿੱਤਾ ਅਤੇ ਹਿੰਦੁਸਤਾਨ ਵਿਚ ਇਕ ਨਵੀਂ ਤੇ ਭਾਰੀ ਤਾਕਤ ਪੈਦਾ ਕੀਤੀ। ਉਹ ਲੋਕ, ਜੋ ਪਹਿਲਾਂ ਨੀਚ ਤੇ ਅਪਵਿੱਤਰ ਸਮਝੇ ਜਾਂਦੇ ਸਨ ਤੇ ਦੁਰਕਾਰੇ ਜਾਂਦੇ ਸਨ, ਹੁਣ ਸਨਮਾਨੇ ਜਾਣ ਲੱਗੇ।

# ਗੁਰੂ ਗੋਬਿੰਦ ਸਿੰਘ ਜੀ - ਬਹੁਪੱਖੀ ਸ਼ਖ਼ਸੀਅਤ

*[ਭਾਈ ਅਮਰਿੰਦਰ ਸਿੰਘ ਜੀ, ਸਾਬਕਾ ਮੈਂਬਰ ਐਸ.ਜੀ.ਪੀ.ਸੀ., ਚੰਡੀਗੜ੍ਹ]*

ਪਾਤਿਸ਼ਾਹਾਂ ਦੇ ਪਾਤਿਸ਼ਾਹ, ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ, ਰੂਹਾਨੀਅਤ ਦੇ ਸੁਲਤਾਨ, ਦਰਵੇਸ਼ ਫ਼ਕੀਰ, ਖ਼ਾਲਸੇ ਦੇ ਸਿਰਜਣਹਾਰ, ਸੰਤ ਸਿਪਾਹੀ, ਸਰਬੰਸਦਾਨੀ, ਮਹਾਨ ਕਵੀ, ਦੂਰਦਰਸ਼ਕ, ਨਿਧੜਕ ਤੇ ਨਿਰਵੈਰ ਜਰਨੈਲ, ਸਮੁੱਚੀ ਮਨੁੱਖਤਾ ਦੇ ਰਹਿਬਰ, ਯੁੱਗ-ਪਲਟਾਊ ਪੁਰਸ਼ ਗੁਰੂ ਗੋਬਿੰਦ ਸਿੰਘ ਜੀ ਦੀ ਸਰਬਪੱਖੀ ਸ਼ਖ਼ਸੀਅਤ ਦਾ ਥਾਹ ਪਾ ਸਕਣਾ ਅਸੰਭਵ ਹੈ। ਆਪ ਜੀ ਦੀ ਸਿੱਖ-ਪੰਥ, ਪੰਜਾਬ ਹਿੰਦੁਸਤਾਨ ਤੇ ਸਾਰੇ ਵਿਸ਼ਵ ਨੂੰ ਦੇਣ ਇੰਨੀ ਕਮਾਲ ਦੀ ਅਤੇ ਲਾਸਾਨੀ ਹੈ ਕਿ ਉਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਜਿਸ ਸਿੱਖ ਪੰਥ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ, ਉਸ ਨੂੰ ਦਸਵੇਂ ਪਾਤਿਸ਼ਾਹ ਨੇ ਆਖ਼ਰੀ ਛੋਹਾਂ ਦਿੱਤੀਆਂ ਸਨ।

ਗੁਰੂ ਗੋਬਿੰਦ ਸਿੰਘ ਜੀ ਮਨੁੱਖਤਾ ਦੇ ਇਨਕਲਾਬ ਦੀ ਰੂਹ ਸਨ। ਆਪ ਨੇ ਨਿਡਰਤਾ, ਸਵੈਮਾਣ ਤੇ ਅਡੋਲ ਵਿਸ਼ਵਾਸ ਦਾ ਜੀਵਨ ਜੀਣ ਦੀ ਜਾਚ ਸਿਖਾਈ। ਜਬਰ ਤੇ ਅਨਿਆਇ ਅੱਗੇ ਝੁੱਕ ਜਾਣਾ ਆਪ ਲਈ ਅਧਰਮ ਸੀ ਤੇ ਧਰਮ ਸੀ -

*ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤੁ ਬੁਰਦਨ ਬਸ਼ਮਸ਼ੀਰ ਦਸਤ॥ ਜ਼ਫ਼ਰਨਾਮਾ*

ਕਾਇਰਤਾ, ਨਿਰਾਸ਼ਤਾ ਅਤੇ ਢਹਿੰਦੀ ਕਲਾ ਵਿਚ ਵਿਚਰਨ ਨੂੰ ਆਪ ਪਾਪ ਸਮਝਦੇ ਸਨ। ਉਨ੍ਹਾਂ ਨੇ ਆਪਣੇ ਸਿੱਖਾਂ ਤੇ ਸ਼ਰਧਾਲੂਆਂ ਦੇ ਮਨਾਂ ਵਿਚ ਇਕ ਕ੍ਰਾਂਤੀਕਾਰੀ ਜੀਵਨ ਜੀਣ ਦੀ ਤਾਂਘ ਪੈਦਾ ਕਰਕੇ ਜ਼ਿੰਦਗੀ ਦੇ ਹਰ ਖੇਤਰ ਵਿਚ ਨਵੇਂ ਜੋਸ਼, ਨਵੇਂ ਉਮਾਹ ਤੇ ਨਵੀਂ ਸ਼ਕਤੀ ਦਾ ਸੰਚਾਰ ਕੀਤਾ। ਗੁਰੂ ਸਾਹਿਬ ਨੇ ਸਭ ਨੂੰ ਸਮਾਜਕ, ਆਰਥਕ ਤੇ ਰਾਜਨੀਤਕ ਸ਼ੋਸ਼ਣ ਤੋਂ ਬਚਣ ਦਾ ਸੰਦੇਸ਼ਾ ਦਿੱਤਾ ਅਤੇ ਨਾਲ ਹੀ ਉੱਚੇ ਆਚਰਣ ਤੇ ਸੁੱਚੇ ਜੀਵਨ ਉੱਤੇ ਵੀ ਜ਼ੋਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ, ਅਕਾਲ ਪੁਰਖ ਦੇ ਹੁਕਮ ਅਧੀਨ, ਮਨੁੱਖ ਜਾਤੀ ਦੀ ਮੁਕਤੀ ਵਾਸਤੇ ਇਸ ਦੁਨੀਆ ਉੱਤੇ ਪ੍ਰਗਟ ਹੋਏ ਸਨ। ਗੁਰੂ ਜੀ ਨੇ ਆਪਣੇ ਮੰਤਵ ਅਤੇ ਉਸ ਦੀ ਪੂਰਤੀ ਦੇ ਸਾਧਨਾਂ ਦੀ ਵਿਆਖਿਆ ਵੀ ਕੀਤੀ ਹੈ। ਉਹ ਲਿਖਦੇ ਹਨ -

*ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥*
*ਜਾਹਿ ਤਹਾਂ ਤੈ ਧਰਮੁ ਚਲਾਇ॥*
*ਕਬੁਧਿ ਕਰਨ ਤੇ ਲੋਕ ਹਟਾਇ॥*
*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸਟ ਦੋਖੀਅਨਿ ਪਕਰਿ ਪਛਾਰੋ॥*
*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਨ॥ ਬਚਿਤ੍ਰ ਨਾਟਕ*

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸੱਚ, ਸੰਘਰਸ਼, ਸਿਰਜਣ ਸ਼ਕਤੀ ਤੇ ਸਮਰਪਣ ਦਾ ਜੀਵਨ ਹੈ। 'ਸੱਚ' ਉਹਨਾਂ ਦੇ ਜੀਵਨ ਵਿਚ ਇਕਸੁਰਤਾ ਅਤੇ ਇਕ ਸਾਰਤਾ ਨੂੰ ਪ੍ਰਗਟ ਕਰਦਾ ਹੈ, 'ਸੰਘਰਸ਼' ਉਹਨਾਂ ਦੀ ਆਤਮਕ ਦ੍ਰਿੜ੍ਹਤਾ ਅਤੇ ਬਲਵਾਨ ਮਨ ਨੂੰ ਪੇਸ਼ ਕਰਦਾ ਹੈ, 'ਸਿਰਜਣ ਉਹਨਾਂ ਦੀ ਕਰਤਾਰੀ ਤੇ ਰਸਿਕ ਬਿਰਤੀ ਨੂੰ ਦਰਸਾਉਂਦਾ ਹੈ, 'ਸ਼ਕਤੀ' ਉਹਨਾਂ ਦੇ ਤਿਆਗ ਤੇ ਕੁਰਬਾਨੀ ਦੇ ਜਜ਼ਬੇ ਨੂੰ ਉਜਾਗਰ ਕਰਦੀ ਹੈ ਤੇ 'ਸਮਰਪਣ' ਉਹਨਾਂ ਦੀ ਪ੍ਰਭੂ ਲਿਵਲੀਨਤਾ ਅਤੇ ਸਰਬੰਸ-ਦਾਨ ਦਾ ਦਿੱਬ-ਦਰਸ਼ਨ ਪੇਸ਼ ਕਰਦਾ ਹੈ। ਇਸ ਲਈ ਉਹ ਨਾ ਤਾਂ ਕਦੇ ਪਹਾੜੀ ਰਾਜਿਆਂ ਤੋਂ ਡਰੇ ਅਤੇ ਨਾ ਉਨ੍ਹਾਂ ਨੇ ਕਦੇ ਮੁਗ਼ਲ ਹਾਕਮਾਂ ਤੋਂ ਕੋਈ ਖ਼ੌਫ਼ ਖਾਧਾ। ਆਪ ਦਾ ਭਰੋਸਾ ਕਦੇ ਡੋਲਿਆ ਨਹੀਂ, ਕਿਸੇ ਹੋਣੀ ਦੀ ਉਹਨਾਂ ਨੇ ਕਦੇ ਸ਼ਿਕਾਇਤ ਨਹੀਂ ਕੀਤੀ। ਸਾਥੀ ਸਾਥ ਛੱਡ ਜਾਣ, ਦੁਸ਼ਮਣ ਦਾ ਲਸ਼ਕਰ ਤੂਫ਼ਾਨ ਬਣ ਕੇ ਚੜ੍ਹਿਆ ਆ ਰਿਹਾ ਹੋਵੇ, ਹਰ ਸਮੇਂ ਚੱਟਾਨ ਬਣ ਕੇ ਸਚਾਈ ਦੀ ਜਿੱਤ ਨੂੰ, ਆਪਣੀ ਜਿੱਤ ਨੂੰ ਨਿਸ਼ਚੈ ਰੱਖਿਆ। ਸ਼ੁਭ ਕਰਮ ਕਰਦਿਆਂ ਆਪ ਕੁੱਝ ਗਿਣਵੇਂ ਸਿੰਘਾਂ ਨਾਲ ਹਜ਼ਾਰਾਂ ਦੁਸ਼ਮਣਾਂ ਤੇ ਟੁੱਟ ਪੈਂਦੇ, ਤਰਥੱਲੀ ਮਚਾ ਦਿੰਦੇ ਅਤੇ ਫ਼ਤਹਿ

ਦੇ ਜੈਕਾਰੇ ਨਾਲ ਅਸਮਾਨ ਗੂੰਜਾ ਦੇਂਦੇ ਸਨ। ਆਪ ਨੇ ਤਾਂ ਆਪਣੇ ਸੰਘਰਸ਼ ਵਿਚ ਆਪਣੇ ਪਿਤਾ, ਚਾਰੇ ਪੁੱਤਰ, ਆਪਣਾ ਸਾਰਾ ਪਰਿਵਾਰ ਤੇ ਆਪਣਾ ਆਪ ਨਿਛਾਵਰ ਕਰ ਦਿੱਤਾ। ਅਜਿਹਾ ਹੋਣ 'ਤੇ ਵੀ ਆਪ ਨੇ ਮੱਥੇ 'ਤੇ ਵੱਟ ਨਹੀਂ ਪਾਇਆ, ਕਦੇ ਮੁੱਖ 'ਤੇ ਮਲਾਲ ਨਹੀਂ ਲਿਆਂਦਾ, ਮਨ ਅਸ਼ਾਂਤ ਨਹੀਂ ਕੀਤਾ, ਕਿਉਂਕਿ ਆਪ ਤਾਂ ਸਰਬੱਤ ਖ਼ਾਲਸੇ ਨੂੰ ਹੀ ਆਪਣੀ ਸੰਤਾਨ ਸਮਝਦੇ ਸਨ, ਇਸ ਕਰਕੇ ਔਰੰਗਜ਼ੇਬ ਨੂੰ ਵੀ ਨਿਰਭੈ ਹੋ ਕੇ ਲਿਖ ਦਿੱਤਾ-

*ਚਿਹਾ ਖ਼ੁਦ ਕਿ ਚੂੰ ਬਚਗਾ ਕੁਸ਼ਤਾ ਚਾਰ,*
*ਕਿ ਬਾਕੀ ਬਿਮਾਂਦ ਅਸਤ ਪੇਚੀਦਾ ਮਾਰ॥ ਜਫਰਨਾਮਾ*

ਗੁਰੂ ਸਾਹਿਬ ਦਾ ਮਿਸ਼ਨ, ਕੋਈ ਵੱਖਰਾ ਮਜ਼ਹਬ ਚਲਾਣਾ ਨਹੀਂ ਸੀ ਸਗੋਂ ਖ਼ਾਲਸਾ ਸੇਵਕਾਂ ਦੀ ਇਕ ਮੁਕਤੀ ਫ਼ੌਜ ਜੋੜਨਾ ਸੀ ਜੋ ਇਨਸਾਨ ਦੀ ਰਾਖੀ ਅਤੇ ਲੋੜਵੰਦਾਂ ਦੀਆਂ ਔਕੜਾਂ ਦੂਰ ਕਰ ਸਕਦੀ। ਗੁਰੂ ਸਾਹਿਬ ਨੂੰ ਕਿਸੇ ਮੁਲਕਾਂਗੀਰੀ ਦੀ ਚਾਹ ਨਹੀਂ ਸੀ ਸਗੋਂ ਉਹਨਾਂ ਦਾ ਨਿਸ਼ਾਨਾ ਤਾਂ ਸਿਰਫ ਇਕ ਅਜਿਹੀ ਖ਼ਾਲਸਾ ਫ਼ੌਜ ਦਾ ਸੀ ਜੋ ਆਪਣਾ ਹੱਕ ਛੱਡ ਕੇ ਸਿਰਫ਼ ਦੂਜਿਆਂ ਦੇ ਹੱਕਾਂ ਦੀ ਰਖਵਾਲੀ ਕਰ ਸਕਦੀ। ਉਹ ਤਾਂ ਮਨੁੱਖਤਾ ਵਿੱਚ ਸਰਬ-ਸਾਂਝੀਵਾਲਤਾ ਦੀ ਭਾਵਨਾ ਦੇਖਣ ਦੇ ਇੱਛੁਕ ਸਨ। ਉਨ੍ਹਾਂ ਲਈ ਕੋਈ ਵੱਖਰਾ ਜਾ ਬੇਗਾਨਾ ਨਹੀਂ ਸੀ। ਗੁਰੂ ਸਾਹਿਬ ਲਈ ਤਾਂ ਸਾਰੇ ਇਕ ਪਿਤਾ ਦੀ ਹੀ ਸੰਤਾਨ ਹਨ -

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ*
*ਕਉ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*

ਉਹ ਤਾਂ ਇਕ ਕ੍ਰਾਂਤੀਕਾਰੀ ਰਹਿਬਰ ਸਨ, ਨਿਰੰਕਾਰ ਦੇ ਭੇਜੇ ਹੋਏ ਪੈਗੰਬਰ ਸਨ ਜਿਨ੍ਹਾਂ ਨੇ ਮੁਰਦਾ ਦਿਲਾਂ ਵਿਚ ਜ਼ਿੰਦਗੀ ਦੀ ਰੂਹ ਫੂਕੀ, ਸਿਜਦੇ ਡੰਡੌਤਾਂ ਵਿਚ ਮੱਥੇ ਰਗੜਨ ਵਾਲਿਆਂ ਨੂੰ ਗਰਦਨਾਂ ਚੁੱਕ ਕੇ ਤੁਰਨਾ ਸਿਖਾਇਆ, ਜ਼ਿੰਦਗੀ ਕੋਲੋਂ ਤਰਾਹ-ਤਰਾਹ ਕਰਦਿਆਂ ਨੂੰ ਛਾਤੀ ਕੱਢ ਕੇ ਮਰਨ ਦਾ ਜਿਗਰਾ ਦਿੱਤਾ ਅਤੇ ਨਾਈ, ਛੀਂਬੇ, ਝਿਊਰਾਂ ਨੂੰ ਰਾਜਿਆਂ-ਨਵਾਬਾਂ ਨਾਲ ਬਰਾਬਰੀ ਦਿੱਤੀ। ਸੋ ਉਹਨਾਂ ਦਾ ਮਜ਼ਹਬ (ਧਰਮ) ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਮਜ਼ਹਬ ਸੀ ਅਤੇ ਅਜੋਕੇ ਮਜ਼ਹਬੀ ਵੰਡਾਂ, ਤੁਅੱਸਬੀ ਝਗੜਿਆਂ, ਵਿਤਕਰਿਆਂ ਤੋਂ ਪਰੇ ਹਟ ਕੇ ਸੀ। ਗੁਰੂ ਗੋਬਿੰਦ ਸਿੰਘ ਜੀ ਦਾ 'ਮਜ਼ਹਬ' ਮਨੁੱਖਤਾ ਦਾ ਮਜ਼ਹਬ ਹੈ, ਮਾਨਵ ਸਨੇਹ ਦਾ ਮਜ਼ਹਬ ਹੈ, ਏਕਤਾ ਦਾ ਮਜ਼ਹਬ ਹੈ। ਉਹ ਆਪ 'ਬ੍ਰਹਮ' (ਪਰਮਾਤਮਾ) ਤੇ ਸੰਸਾਰ (ਆਤਮਾ) ਪ੍ਰਤੀ ਆਪਣਾ ਸੰਕਲਪ ਮੂਰਤੀਮਾਨ ਕਰਦੇ ਹਨ -

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ, ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜਛ, ਗੰਧ੍ਰਬ ਤੁਰਕ ਹਿੰਦੂ,*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,*
*ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥੧੬॥੮੬॥*
*ਅਕਾਲ ਉਸਤਤਿ*

ਧਾਰਮਕ ਪੱਖੋਂ ਉਹ ਇਕੋ 'ਅਕਾਲ ਪੁਰਖ' ਦੇ ਪੁਜਾਰੀ ਸਨ। ਉਹਨਾਂ ਦੀ ਰਚਨਾ ''ਅਕਾਲ ਉਸਤਤਿ'' ਨਾ ਸਿਰਫ਼ ਇਕ ਮਹਾਨ ਕਵਿਤਾ ਹੈ ਸਗੋਂ ਇਕ ਮਹਾਨ ਫ਼ਲਸਫਾ ਵੀ ਹੈ। ਉਹ 'ਸਵੈਯੇ' ਪਾਤਸ਼ਾਹੀ ੧੦ ਵਿਚ ਫੁਰਮਾਂਦੇ ਹਨ-

*ਕਾਹੂ ਲੈ ਠੋਕ ਬਧੇ ਉਰ ਠਾਕੁਰ,*
*ਕਾਹੂ ਕਹਯੋ ਹਰਿ ਮੰਦਰ ਮੈਂ ਹਰਿ*
*ਕਾਹੂ ਮਹੇਸ ਕੋ ਏਸ ਬਖਾਨਯੋ॥*
*ਕਾਹੂ ਮਸੀਤ ਕੈ ਬੀਚ ਪ੍ਰਮਾਨਯੋ॥*
*ਕਾਹੂ ਮਨੈ ਅਵਤਾਰ ਨ ਮਾਨਯੋ॥*
*ਕਰਤਾਰ ਹੀ ਕਉ ਕਰਤਾ ਜੀਆ ਜਾਨਯੋ॥*
*ਕਾਹੂ ਨੇ ਰਾਮ ਕਹਯੋ ਕ੍ਰਿਸ਼ਨਾ ਕਹੁ,*
*ਫੋਕਟ ਧਰਮ ਬਿਸਾਰ ਸਭੈ,*

ਉਨ੍ਹਾਂ ਨੇ ਅਕਾਲ ਪੁਰਖ ਨੂੰ ਕਈ ਨਾਵਾਂ ਨਾਲ ਸੰਬੋਧਨ ਕੀਤਾ ਹੈ...'ਸਰਵਲੋਹ', 'ਮਹਾਕਾਲ', 'ਭਗਉਤੀ'। ਉਨ੍ਹਾਂ ਨੇ ਅਕਾਲ ਪੁਰਖ ਨੂੰ ਅਛੇਦ, ਅਰੂਪ, ਅਨਾਦਿ, ਅਭੂਤ, ਅਛਿਜ, ਅਭਿਜ ਤੇ ਅਭੇਦ ਕਹਿ ਕੇ ਉਸਨੂੰ ਅਖੰਡ ਰੂਪ ਦੱਸਿਆ ਹੈ। ਉਹ ਫ਼ੁਰਮਾਂਦੇ ਹਨ -

*ਜਲਸ ਤਹੀਂ। ਥਲਸ ਤੁਹੀਂ। ਨਦਿਸ ਤੁਹੀਂ। ਨਦਸ ਤੁਹੀਂ।*
*ਬ੍ਰਿਛਸ ਤੁਹੀਂ। ਪਤਸ ਤਰੂਾਂ। ਤੁਸੀਂ ਤੁਹੀਂ। ਤੁਸੀਂ ਨਹੀਂ।*
*ਅਕਾਲ ਉਸਤਤਿ*

ਭਾਰੀ ਭੀੜਾ ਵੇਲੇ ਵੀ ਗੁਰੂ ਸਾਹਿਬ ਦਾ ਸਾਰਾ ਜੀਵਨ ਅਕਾਲ ਪੁਰਖ ਨੂੰ ਹੀ ਸਮਰਪਿਤ ਰਿਹਾ -

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।*
*ਤੁਧ ਬਿਨੁ ਰੋਗੁ ਰਜ਼ਾਈਆਂ ਦਾ ਓਝਣ ਨਾਗ ਨਿਵਾਸਾਂ ਦੇ ਰਹਣਾ।*
*ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਯਾਂ ਦਾ ਸਹਣਾ।*
*ਯਾਰੜੇ ਦਾ ਸਾਨੂੰ ਸਥਰੁ ਚੰਗਾ ਭਠ ਖੇੜਿਆ ਦਾ ਰਹਣਾ॥*

ਗੁਰੂ ਜੀ ਦਾ ਧਰਮ ਯੁੱਧ ਵੀ ਸਮੁੱਚੇ ਰੂਪ ਵਿਚ ਅਕਾਲ ਪੁਰਖ ਨੂੰ ਹੀ ਸਮਰਪਿਤ ਹੈ -

*ਭਈ ਜੀਤ ਮੇਰੀ ਕਿਰਪਾ ਕਾਲ ਕੇਰੀ॥*

ਗੁਰੂ ਗੋਬਿੰਦ ਸਿੰਘ ਜੀ ਕਰਮ ਖੇਤਰ ਦੇ ਵੀ ਸਫਲ ਯੋਧੇ ਹਨ। ਸਾਰੀ ਉਮਰ ਉਨ੍ਹਾਂ ਨੇ ਸ਼ੁਭ ਕਰਮ ਹੀ ਕੀਤੇ ਹਨ। ਇਸੇ ਲਈ ਤਾਂ ਗੁਰਦੇਵ ਸ਼ੁਭ ਕਰਮ ਕਰਦੇ ਰਹਿਣ ਦਾ ਅਕਾਲ ਪੁਰਖ ਤੋਂ ਵਰਦਾਨ ਮੰਗਦੇ ਹਨ -

*ਦੇਹ ਸ਼ਿਵਾ ਬਰ ਮੋਹਿ ਇਹੈ,*
*ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥*

*ਨ ਡਰੋਂ ਅਰਿ ਸੋ ਜਬ ਜਾਇ ਲਰੋਂ,*
*ਨਿਸਚੈ ਕਰ ਆਪਨੀ ਜੀਤ ਕਰੋਂ॥*

ਦਸਮ ਪਿਤਾ ਦਾਨਬੀਰ ਦੀ ਕਸਵੱਟੀ 'ਤੇ ਵੀ ਪੂਰੇ ਉਤਰੇ। ਉਨ੍ਹਾਂ ਨੇ ਦੀਨ ਦੁਖੀਆਂ ਅਤੇ ਸ਼ਰਨ ਆਏ ਦੀ ਸਦਾ ਹੀ ਖੁੱਲ੍ਹੇ ਦਿਲ ਨਾਲ ਮਦਦ ਕੀਤੀ। ਜਿਥੇ ੫੨ ਕਵੀਆਂ ਦਾ ਆਪ ਦੇ ਦਰਬਾਰ ਵਿਚ ਹੋਣਾ ਆਪ ਦੇ ਦਾਨਬੀਰ ਹੋਣ ਦਾ ਸਬੂਤ ਹੈ, ਉਥੇ ਆਪਣਾ ਸਭ ਕੁੱਝ, ਸਮੁੱਚਾ ਵੰਸ਼ ਮਨੁੱਖਤਾ ਨੂੰ ਦਾਨ ਵਿਚ ਦੇ ਦੇਣਾ ਮਹਾਂਦਾਨ ਬੀਰਤਾ ਹੀ ਤਾਂ ਹੈ।

ਖ਼ਾਲਸਾ ਦੇ ਸਿਰਜਣਹਾਰ ਹੋ ਕੇ ਪੰਜਾਂ ਪਿਆਰਿਆਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਫੇਰ ਉਨ੍ਹਾਂ ਤੋਂ ਅੰਮ੍ਰਿਤਪਾਨ ਕੀਤਾ। ਇਸ ਤਰ੍ਹਾਂ 'ਆਪੇ ਗੁਰ ਚੇਲਾ' ਅਤੇ 'ਨਿਮਰਤਾ' ਦਾ ਭਰਪੂਰ ਸਿਧਾਂਤ ਪੇਸ਼ ਕੀਤਾ। ਗੁਰੂ ਗੋਬਿੰਦ ਸਿੰਘ ਜੀ 'ਖ਼ਾਲਸਾ ਪੰਥ' ਨੂੰ ਆਪਣਾ ਸਰੂਪ, ਸ਼ੋਭਾ, ਸ਼ਕਤੀ-ਸੋਮਾ ਅਤੇ ਸੰਪਤੀ ਕਹਿੰਦੇ ਹਨ -

*ਖਾਲਸਾ ਮੇਰੋ ਰੂਪ ਹੈ ਖਾਸ।*
*ਖਾਲਸੇ ਮਹਿ ਹੌਂ ਕਰੌਂ ਨਿਵਾਸ।*
*ਖਾਲਸਾ ਮੇਰੋ ਇਸਟ ਸੁਹਿਰਦ,*
*ਖਾਲਸਾ ਮੇਰੋ ਕਹੀਅਤ ਬਿਰਦ।*
*ਖਾਲਸਾ ਮੇਰੋ ਮਿਤਰ ਸਖਾਈ।*
*ਖਾਲਸਾ ਮਾਤ ਪਿਤਾ ਸੁਖਦਾਈ।*
*ਖਾਲਸਾ ਮੇਰੋ ਪਿੰਡ ਪੁਰਾਨ।*
*ਖਾਲਸਾ ਮੇਰੀ ਜਾਨ ਕੀ ਜਾਨ।*

ਗੁਰੂ ਜੀ ਦੀ ਨਿਮਰਤਾ ਤੇ ਹਲੀਮੀ ਦਾ ਹੋਰ ਵੱਡਾ ਪ੍ਰਮਾਣ ਹੈ, ਜਦੋਂ ਉਹ ਕਹਿੰਦੇ ਹਨ -

*ਜੁੱਧ ਜਿਤੇ ਇਨਹੀ ਕੇ ਪ੍ਰਸ਼ਾਦਿ*
*ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ*
*ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥*
*ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ,*
*ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ,*
*ਨਹੀਂ ਮੋ ਸੇ ਗਰੀਬ ਕਰੋਰ ਪਰੇ॥੨॥* **ਦਸਮ ਗ੍ਰੰਥ**

ਆਪਣੇ ਆਪ ਨੂੰ ਪਰਮਾਤਮਾ ਦਾ ਦਾਸ ਕਿਹਾ -

*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ॥*

ਅਤੇ

*ਜੋ ਹਮ ਕੋ ਪਰਮੇਸਰ ਉਚਰਿਹੈਂ॥*
*ਤੇ ਸਭ ਨਰਕ ਕੁੰਡ ਮਹਿ ਪਰਿਹੈਂ॥*
*ਮੈਂ ਕੋ ਦਾਸ ਤਵਨ ਕਾ ਜਾਨੋ॥*
*ਯਾ ਮੈ ਭੇਦ ਨ ਰੰਚ ਪਛਾਨੋ॥*

ਗੁਰੂ ਗੋਬਿੰਦ ਸਿੰਘ ਜੀ ਆਪਣੇ ਸਮੇਂ ਦੇ ਇਕ ਮਹਾਨ ਵਿਦਵਾਨ ਤੇ ਪ੍ਰਤਿਭਾਸ਼ਾਲੀ ਕਵੀ ਸਨ। ਆਪ ਨੂੰ ਅਰਬੀ, ਪੰਜਾਬੀ, ਸੰਸਕ੍ਰਿਤ, ਫ਼ਾਰਸੀ, ਬ੍ਰਿਜ, ਆਦਿ ਭਾਸ਼ਾਵਾਂ ਦਾ ਗਿਆਨ ਸੀ। ਵਧੇਰੇ ਕਰਕੇ ਆਪ ਦੀਆਂ ਰਚਨਾਵਾਂ ਬ੍ਰਿਜ ਭਾਸ਼ਾ ਵਿਚ ਹਨ। ਆਪ ਦੀਆਂ ਪ੍ਰਸਿੱਧ ਰਚਨਾਵਾਂ ਜਾਪ ਸਾਹਿਬ, ਬਚਿੱਤਰ ਨਾਟਕ-ਆਪਣੀ ਕਥਾ, ਚੰਡੀ ਚਰਿੱਤਰ (ਦੋਵੇਂ), ਕ੍ਰਿਸ਼ਨ ਦੇ ੨੪ ਅਵਤਾਰ, ਉਪਾਵਤਾਰ ਬ੍ਰਹਮਾ ਤੇ ਰੁਦ੍ਰ ਕੇ, ਅੰਤਿਕਾ (ਸਵੈਯੇ ਤੇ ਸ਼ਬਦ ਰਾਗਾਂ ਕੇ), ਸ਼ਸਤਰ ਨਾਮ ਮਾਲਾ, ਗਿਆਨ ਪ੍ਰਬੋਧ, ਅਕਾਲ ਉਸਤਤਿ, ਚੰਡੀ ਕੀ ਵਾਰ, ਚਰਿਤ੍ਰ ਉਪ ਖਿਯਾਨ, ਜ਼ਫ਼ਰਨਾਮਾ, ਵਾਰ ਸ੍ਰੀ ਭਗਉਤੀ ਕੀ, ਸ਼ਬਦ ਹਜ਼ਾਰੇ, ਤੇਤੀ ਸਵਈਏ, ਹਕਾਯਤਾਂ ਹਨ। ਸਿਖ ਜਗਤ ਵਿਚ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਕਰਕੇ ਪ੍ਰਵਾਨਿਤ ਹੈ। ਪੌਰਾਣਿਕ ਸਾਹਿਤ, ਅਧਿਆਤਮ, ਜੋਤਿਸ਼, ਮਨੁੱਖੀ ਮਨੋਵਿਗਿਆਨ, ਭੂਗੋਲ, ਬਨਸਪਤੀ, ਆਯੁਰਵੇਦ ਅਤੇ ਯੁੱਧ ਸ਼ਾਸਤਰ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ਾਲ ਗਿਆਨ ਅਤੇ ਵਿਦਵਤਾ ਦਾ ਇਨ੍ਹਾਂ ਰਚਨਾਵਾਂ ਤੋਂ ਸੰਕੇਤ ਮਿਲਦਾ ਹੈ। ਆਪ ਜੀ ਦੇ ਦਰਬਾਰ ਵਿਚ ੫੨ ਕਵੀ ਸਨ। ਜਿਨ੍ਹਾਂ ਵਿਚ ਸੈਨਾਪਤੀ, ਨੰਦ ਲਾਲ, ਹੁਸੈਨ ਅਲੀ, ਆਲਮ, ਜਮਾਲ, ਸੁਦਾਮਾ, ਗੋਪਾਲ, ਰਾਵਲ, ਹੰਸ ਰਾਜ, ਕੱਲੂ, ਨਾਨੂ ਮੰਗਲ, ਮਦਨ ਸਿੰਘ, ਧਿਆਨ ਸਿੰਘ, ਧੰਨਾ ਸਿੰਘ, ਨੰਦ ਸਿੰਘ, ਮਾਲਾ ਸਿੰਘ ਆਦਿ ਸਨ। ਆਪਣੀ ਬਾਣੀ ਰਾਹੀਂ ਆਪ ਨੇ ਪ੍ਰੇਮ, ਭਰਾਤਰੀਭਾਵ, ਕਰੁਣਾ ਤੇ ਰਹਿਤ ਬਹਿਤ ਦੇ ਕਰੜੇ ਸਦਾਚਾਰਕ ਤੇ ਨੈਤਿਕ ਨਿਯਮਾਂ ਦਾ ਪ੍ਰਚਾਰ ਕੀਤਾ।

ਦਸਮੇਸ਼ ਪਿਤਾ ਇਕ ਨਿਪੁੰਨ ਤੇ ਨਿਧੜਕ ਯੋਧੇ ਸਨ। ਆਪ ਜੀ ਤਲਵਾਰ ਦੇ ਧਨੀ, ਤੀਰ-ਅੰਦਾਜ਼ੀ ਵਿਚ ਲਾਸਾਨੀ ਤੇ ਬੰਦੂਕ ਦੇ ਅਣਚੁੱਕ ਨਿਸ਼ਾਨਚੀ ਸਨ। 'ਸ਼ਸਤਰ ਨਾਮ ਮਾਲਾ' ਤੋਂ ਪਤਾ ਲੱਗਦਾ ਹੈ ਕਿ ਆਪ ਭਿੰਨ-ਭਿੰਨ ਸ਼ਸਤਰਾਂ ਦੇ ਪ੍ਰਯੋਗ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇੰਨੀ ਪ੍ਰਬੀਨਤਾ ਦੇ ਬਾਵਜੂਦ ਵੀ ਆਪ ਨੇ ਕਦੀ ਵੈਰੀ 'ਤੇ ਪਹਿਲਾਂ ਵਾਰ ਨਹੀਂ ਸੀ ਕੀਤਾ। ਆਪ ਜੀ ਨਿਧੜਕ ਯੋਧੇ ਦੇ ਨਾਲ ਇਕ ਉੱਚ ਤੇ ਸਫਲ ਸੈਨਾ ਨਾਇਕ (ਜਰਨੈਲ) ਵੀ ਸਨ। ਜਿਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਆਪਣੇ ਸੀਮਤ ਸਾਧਨਾਂ ਤੇ ਥੋੜੇ ਜਿਹੇ ਸੈਨਿਕਾਂ ਨਾਲ ਆਪ ਨੇ ਕਈ ਸਾਲਾਂ ਤਕ ਵਿਸ਼ਾਲ ਤੇ ਸ਼ਕਤੀਸ਼ਾਲੀ ਸੈਨਾ ਦਾ ਸਫਲਤਾਪੂਰਵਕ ਵਿਰੋਧ ਕੀਤਾ। ਚਮਕੌਰ ਦੀ ਗੜ੍ਹੀ ਵਿਚ ਲੱਖਾਂ ਦੀ ਮੁਗ਼ਲ ਸੈਨਾ ਨੂੰ ਤੀਰਾਂ ਦੀ ਵਾਛੜ ਨਾਲ, ਗੜ੍ਹੀ ਦੇ ਨੇੜੇ ਨਹੀਂ ਸੀ ਢੁੱਕਣ ਦਿੱਤਾ। ਖਿਦਰਾਣੇ ਦੇ ਯੁੱਧ ਵਿਚ ਮੁਗ਼ਲਾਂ ਦੀ ਗਿਣਤੀ ਸਿੱਖਾਂ ਨਾਲੋਂ ਪੰਜ ਗੁਣਾ ਤੋਂ ਵੀ ਵੱਧ ਸੀ, ਮੁਗ਼ਲ ਫੇਰ ਵੀ ਹਾਰੇ। ਹਰ ਇਕ ਯੁੱਧ ਵਿਚ ਗੁਰੂ ਸਾਹਿਬ ਨੇ ਆਪ ਸਿੱਖਾਂ ਦੀ ਅਗਵਾਈ ਕੀਤੀ ਅਤੇ ਉਨ੍ਹਾਂ ਦੀ ਆਪਣੀ ਮਿਸਾਲ ਤੋਂ ਪ੍ਰੇਰਿਤ ਹੋ ਕੇ ਸਿੱਖਾਂ ਨੇ ਆਪਣੀਆਂ ਜਾਨਾਂ ਤਲੀ ਤੇ ਰੱਖ ਕੇ ਹਰ ਯੁੱਧ ਵਿਚ ਅਸਾਧਾਰਣ ਬਹਾਦਰੀ

ਦੇ ਜੌਹਰ ਦਿਖਾਏ।

ਜੰਗ ਦੇ ਮੈਦਾਨ ਵਿਚ ਦੁਸ਼ਮਣ ਨਾਲ ਜੂਝਦਿਆਂ ਹੋਇਆਂ ਵੀ ਆਪ ਨੇ ਪਿਆਰ, ਸਿਦਕ-ਦਿਲੀ, ਖਿਮਾਂ, ਬਰਦਾਸ਼ਤ ਤੇ ਸੱਚਾਈ ਵਰਗੇ ਗੁਣਾਂ ਦਾ ਸਾਥ ਨਹੀਂ ਛੱਡਿਆ। ਭਾਵੇਂ ਆਪ ਨੇ ਬੁਰਾਈ ਦਾ ਖ਼ਾਤਮਾ ਕਰਨ ਲਈ ਤਲਵਾਰ ਦਾ ਪ੍ਰਯੋਗ ਕੀਤਾ ਪਰ ਮਨ ਵਿਚ ਵੈਰ, ਬਦਲਾ, ਗੁੱਸਾ ਜਾਂ ਨਫ਼ਰਤ ਨਹੀਂ ਰੱਖੀ। ਆਪ ਦੀਆਂ ਜੰਗਾਂ ਕਿਸੇ ਜਾਤ ਦੇ ਵਿਰੁੱਧ ਨਹੀਂ ਸਨ, ਸਗੋਂ ਮਨੁੱਖਤਾ ਦੀ ਰਾਖੀ ਲਈ, ਨੇਕੀ ਨੂੰ ਜਿਊਂਦਿਆਂ ਰੱਖਣ ਲਈ ਅਤੇ ਬਦੀ ਨੂੰ ਖ਼ਤਮ ਕਰਨ ਲਈ ਸਨ। ਇਸ ਕਰਕੇ ਲੋੜ ਪੈਣ 'ਤੇ ਨੇਕ ਦਿਲ ਹਿੰਦੂ-ਮੁਸਲਮਾਨ ਦੋਹਾਂ ਨੇ ਕੁਰਬਾਨੀ ਦੇਣ ਤੋਂ ਸੰਕੋਚ ਨਹੀਂ ਕੀਤਾ।

ਗੁਰੂ ਸਾਹਿਬ ਨੂੰ ਜਿੰਨੇ ਵੀ ਯੁੱਧ ਲੜਨੇ ਪਏ, ਭਾਵੇਂ ਉਹ ਮੁਗ਼ਲਾਂ ਵਿਰੁੱਧ ਸਨ, ਭਾਵੇਂ ਪਹਾੜੀ ਰਾਜਿਆਂ ਵਿਰੁੱਧ ਤੇ ਭਾਵੇਂ ਦੋਹਾਂ ਦੀਆਂ ਸਾਂਝੀਆਂ ਫ਼ੌਜਾਂ ਦੇ ਵਿਰੁੱਧ-ਉਹ ਸਿਰਫ਼ ਉਹਨਾਂ ਉਪਰ ਠੋਸੇ ਹੋਏ ਸਨ। ਆਪ ਦਾ ਮਕਸਦ ਖ਼ੂਨ-ਖ਼ਰਾਬਾ ਕਰਨਾ, ਅਕਾਰਥ ਲੋਕਾਂ ਦੀਆਂ ਜਾਨਾਂ ਗੁਆਉਣਾ ਅਤੇ ਸ਼ਾਂਤੀ ਭੰਗ ਕਰਨਾ ਕਦੇ ਵੀ ਨਹੀਂ ਸੀ। ਆਪ ਨੇ ਜਿੰਨੇ ਵੀ ਯੁੱਧ ਲੜੇ ਉਹ ਸਾਰੇ ਹੀ ਰੱਖਿਆਤਮਕ ਯੁੱਧ ਸਨ। ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨੇ ਕਈ ਵਾਰ ਗੁਰੂ ਸਾਹਿਬ ਨੂੰ ਧੋਖਾ ਦਿੱਤਾ ਅਤੇ ਆਪਣੇ ਵਚਨਾਂ ਨੂੰ ਤੋੜਿਆ, ਪਰ ਗੁਰੂ ਸਾਹਿਬ ਨੇ ਸਦਾ ਨੈਤਿਕ ਸਿਧਾਂਤਾਂ ਦੀ ਭਲੀ ਪ੍ਰਕਾਰ ਪਾਲਣਾ ਕੀਤੀ। ਅਸਲ ਵਿਚ ਉਨ੍ਹਾਂ ਦੇ ਯੁੱਧ ਧਰਮ ਯੁੱਧ' ਸਨ ਜੋ ਅਨਿਆਂ ਤੇ ਅਤਿਆਚਾਰਾਂ ਦਾ ਵਿਰੋਧ ਕਰਨ ਲਈ ਲੜੇ ਗਏ ਸਨ। ਧਰਮ ਦੀ ਰੱਖਿਆ ਖ਼ਾਤਰ ਜਦ ਕੋਈ ਹੋਰ ਹੀਲਾ ਬਾਕੀ ਨਾ ਰਹੇ ਤਾਂ ਤਲਵਾਰ ਚੁੱਕਣੀ ਜਾਇਜ਼ ਹੈ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਵਿਚ ਇੰਝ ਲਿਖਿਆ ਹੈ :

***ਹਮਾ ਕੋ ਤੁਰਾ ਬਾਦਸ਼ਾਹੀ ਬਦਾਦ***
***ਬਮਾ ਦੌਲਤ ਜੀ ਪਨਾਹੀ ਬਦਾਦ***
***ਤਿਰਾ ਤੁਰਕਬਾਜ਼ੀ ਬੇ ਮਕਰ ਅ ਰਿਆ***
***ਮਿਰਾ ਚਾਰਾਸ਼ਾਜੀ ਬੇ ਸਿਦਕ ਔ ਸਫ਼ਾ।***

ਗੁਰੂ ਸਾਹਿਬ ਦੀ ਸ੍ਰੀ ਸਾਹਿਬ, ਭਗਤੀ-ਸ਼ਕਤੀ, ਮੀਰੀ ਪੀਰੀ ਤੇ ਸੰਤ ਸਿਪਾਹੀ ਦੀ ਪ੍ਰਤੀਕ ਹੈ। ਸ਼ਕਤੀ ਦੇ ਨਾਲ ਨਾਲ ਉਹ ਸਵੈਮਾਣ, ਆਨ-ਸ਼ਾਨ, ਜ਼ਾਤੀ ਬਚਾਓ ਤੇ ਗ਼ਰੀਬ ਦੀ ਹਿਫ਼ਾਜ਼ਤ ਦਾ ਚਿੰਨ੍ਹ ਹੈ। ਸ਼ੁਭ ਕਰਮਾਂ ਦੀ ਪੂਰਤੀ ਲਈ ਤਲਵਾਰ ਚੁੱਕਣਾ ਹਿੱਸਾ ਨਹੀਂ। ਸੋ ਸਿੱਖਾਂ ਦੀ ਕ੍ਰਿਪਾਨ ਮਾਰੂ ਹਥਿਆਰ ਨਹੀਂ ਹੈ ਸਗੋਂ ਇਹ ਤਾਂ ਭਗਉਤੀ ਹੈ ਜੋ ਕਮਜ਼ੋਰ, ਲਤਾੜਿਆ ਹੋਇਆਂ ਅਤੇ ਦੁਰਕਾਰੇ ਹੋਇਆਂ ਨੂੰ ਆਪਣਾ ਅਸਲੀ ਸਥਾਨ ਦਿਵਾਂਦੀ ਹੈ ਅਤੇ ਉਹਨਾਂ ਨੂੰ ਸਵੈਮਾਣ ਭਰਿਆ ਜੀਵਨ ਜਿਊਣ ਦਾ ਢੰਗ ਸਿਖਾਂਦੀ ਹੈ।

ਗੁਰੂ ਸਾਹਿਬ ਨੇ ਮਜ਼ਲੂਮਾਂ, ਆਗੂਆਂ ਅਤੇ ਰਾਜੇ ਮਹਾਰਾਜਿਆਂ ਨੂੰ ਸਰਪ੍ਰਸਤੀ ਦਿੱਤੀ। ਉਹ ਚਾਹੁੰਦੇ ਸਨ ਕਿ ਦੁਨੀਆ ਦਾ ਹਰ ਇਨਸਾਨ ਖ਼ਾਲਸੇ ਵਾਂਗ ਹੀ ਖ਼ੁਦ-ਮੁਖਤਿਆਰ ਹੋਵੇ। ਉਨ੍ਹਾਂ ਨੇ ਆਲੇ-ਦੁਆਲੇ ਦੇ ਰਾਜਿਆਂ ਨੂੰ ਪੂਰੀ ਹਿਫ਼ਾਜ਼ਤ ਨਾਲ ਜੀਉਣ ਵਾਸਤੇ ਵੱਧ ਤੋਂ ਵੱਧ ਸਹਾਇਤਾ ਦਿੱਤੀ। ਜਦੋਂ ਵੀ ਕੋਈ ਜਾਬਰ, ਉਨ੍ਹਾਂ ਰਾਜਿਆਂ 'ਤੇ ਹਮਲਾਵਰ ਹੋਇਆ ਤਾਂ ਗੁਰੂ ਸਾਹਿਬ ਨੇ ਆਪਣੇ 'ਸੰਤ ਸਿਪਾਹੀ ਖ਼ਾਲਸਾ ਫ਼ੌਜੀ ਰੱਖਿਆ ਵਾਸਤੇ ਭੇਜੇ। ਜਦੋਂ ਤਕ ਇਹ ਰਾਜੇ ਗੁਰੂ ਸਾਹਿਬ ਦੀ ਸਰਪ੍ਰਸਤੀ ਕਬੂਲਦੇ ਰਹੇ, ਕੋਈ ਵਿਦੇਸ਼ੀ ਹਾਕਮ ਇਨ੍ਹਾਂ ਰਾਜਿਆਂ ਦੇ ਇਲਾਕਿਆਂ ਤੇ ਆਪਣਾ ਬੋਲਬਾਲਾ ਕਾਇਮ ਨਾ ਕਰ ਸਕਿਆ। ਦਸਮ ਪਿਤਾ ਨੇ ਸਭ ਲੋਕਾਂ ਨੂੰ ਅਨੁਭਵ ਕਰਾਇਆ ਕਿ ਜਬਰ ਤੇ ਅਨਿਆਂ ਅੱਗੇ ਕਦੀ ਸਿਰ ਨੀਵਾਂ ਨਾ ਕਰਨ, ਉਹ ਝੂਠ ਅਤੇ ਫ਼ਰੇਬ ਨੂੰ ਕਦੀ ਸਹਿਣ ਨਾ ਕਰਨ

***ਕੋਊ ਕਿਸੀ ਕੋ ਰਾਜ ਨ ਦੇਹੈ।***
***ਜੋ ਲੈਹੈ ਨਿਜ ਬਲ ਸਿਉ ਲੈਹੈ।***

ਸੋ ਗੁਰੂ ਗੋਬਿੰਦ ਸਿੰਘ ਜੀ ਨੇ ਭਾਵੇਂ ਇਕ ਨਵੀਂ ਵਿਚਾਰ-ਧਾਰਾ ਦਾ ਆਰੰਭ ਕੀਤਾ ਪਰ ਇਹ ਗੁਰੂ ਨਾਨਕ ਅਤੇ ਉਨ੍ਹਾਂ ਤੋਂ ਬਾਦ ਹੋਏ ਗੁਰੂਆਂ ਤੋਂ ਵੱਖਰੀ ਨਹੀਂ ਸੀ। ਉਨ੍ਹਾਂ ਦਾ ਸਿੱਖ ਧਰਮ ਉਹੀ ਰਿਹਾ ਜਿਸ ਦੇ ਸੂਤਰਧਾਰ ਗੁਰੂ ਨਾਨਕ ਦੇਵ ਜੀ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਸਿਰਫ਼ ਉਨ੍ਹਾਂ ਧਾਰਮਕ ਆਦਰਸ਼ਾਂ ਦੀ ਰੱਖਿਆ ਲਈ ਚੁੱਕੇ ਸਨ ਜਿਹੜੇ ਪਹਿਲੇ ਗੁਰੂ ਸਾਹਿਬਾਨ ਨੇ ਸਥਾਪਤ ਕੀਤੇ ਸਨ, ਜਿਨ੍ਹਾਂ ਦੀ ਪਾਲਣਾ ਕਰਨ ਲਈ ਆਪ ਦੇ ਪਿਤਾ ਗੁਰੂ ਤੇਗ਼ ਬਹਾਦਰ ਜੀ ਤੇ ਆਪ ਦੇ ਪੜਦਾਦਾ ਗੁਰੂ ਅਰਜਨ ਦੇਵ ਜੀ ਨੇ ਆਪਣੇ ਆਪ ਦੀ ਕੁਰਬਾਨੀ ਦਿੱਤੀ ਸੀ। ਅਨਿਆਂ ਤੇ ਜਬਰ ਵਿਰੁੱਧ ਆਪ ਦਾ ਸੰਘਰਸ਼, ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੇ ਖ਼ੁਦ ਬੜੇ ਸਪਸ਼ਟ ਤੇ ਸਿੱਧੇ ਸ਼ਬਦਾਂ ਵਿਚ ਮੁਗ਼ਲ ਹਮਲਾਵਰਾਂ ਦੇ ਜ਼ੋਰ ਜਬਰ ਦੀ ਨਿੰਦਾ ਕੀਤੀ ਸੀ, ਦੀ ਸਿੱਖਿਆ ਦੇ ਬਿਲਕੁਲ ਗੁਰੂ ਅਨੁਕੂਲ ਸੀ। ਸਿੱਖ ਧਰਮ ਦੀ ਆਂਤ੍ਰਿਕ ਪ੍ਰੇਰਨਾ ਨੂੰ ਗੁਰੂ ਨਾਨਕ ਦੇਵ ਜੀ ਨੇ ਸਥਾਪਤ ਕੀਤਾ, ਉਨ੍ਹਾਂ ਤੋਂ ਬਾਦ ਅੱਠ ਗੁਰੂ ਸਾਹਿਬਾਨ ਨੇ ਉਸ ਨੂੰ ਨਿਖਾਰਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿਚ ਆਪਣੀ ਸਰਵੋਤਮ ਸੰਪੂਰਨਤਾ ਨੂੰ ਪ੍ਰਾਪਤ ਕੀਤਾ। ਜੋਤੀ-ਜੋਤਿ ਸਮਾਣ ਤੋਂ ਪਹਿਲਾਂ ਆਪ ਨੇ ਸਿੱਖਾਂ ਨੂੰ ਇਹ ਹੁਕਮ ਦਿੱਤਾ ਕਿ ਉਨ੍ਹਾਂ ਤੋਂ ਬਾਦ ਉਨ੍ਹਾਂ ਦੇ ਗੁਰੂ 'ਗੁਰੂ ਗ੍ਰੰਥ ਸਾਹਿਬ' ਹੋਣਗੇ ਅਤੇ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਹੁਮਤ ਨਾਲ ਆਪਣੇ ਸਭ ਫ਼ੈਸਲੇ ਕਰ ਲਿਆ ਕਰਨ। ਨਾਲ ਇਹ ਵੀ ਕਿਹਾ ਕਿ ਜਿੱਥੇ ਵੀ ਕਿਤੇ ਪੰਜ ਖ਼ਾਲਸੇ ਇਕੱਠੇ ਹੋਣ, ਸਮਝੋ ਕਿ ਮੈਂ ਉਨ੍ਹਾਂ ਵਿਚ ਹਾਂ।

***(ਬਾਕੀ ਪੰਨਾ 26 'ਤੇ)***

# ਦਸਮੇਸ਼ ਜੀ ਦੇ ਧੰਨ ਧੰਨ ਪਿਆਰੇ

*[(ਗੁਰਪੁਰਵਾਸੀ) ਪ੍ਰਿੰ. ਗੁਰਮੁਖ ਸਿੰਘ ਜੀ, ਪਟਿਆਲਾ]*

ਸੰਨ ੧੬੯੯ ਦੀ ਸੁਭਾਗੀ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜਦੋਂ ਸੀਸ ਭੇਟ ਦਾ ਨਿਰਾਲਾ ਕੌਤਕ ਰਚਿਆ ਤਾਂ ਜਿਹੜੇ ਪੰਜ ਵਿਅਕਤੀ ਆਪਣਾ ਸੀਸ ਭੇਟ ਕਰਨ ਲਈ ਉੱਠੇ, ਉਹ ਪੰਜੇ ਸਿੰਘ ਖ਼ਾਲਸਾ ਪੰਥ ਦੇ ਪਹਿਲੇ ਸਿੰਘ ਅਖਵਾਉਣ ਦੇ ਅਧਿਕਾਰੀ ਬਣੇ। ਉਨ੍ਹਾਂ ਦੇ ਨਾਮ ਅਤੇ ਗ੍ਰਾਮ ਦੀ ਜੋ ਸੂਚਨਾ ਸੀਨਾ-ਬਾ-ਸੀਨਾ ਸਾਡੇ ਤਕ ਪਹੁੰਚੀ ਹੈ, ਉਹ ਇਤਨੀ ਥੋੜੀ ਹੈ ਕਿ ਉਨ੍ਹਾਂ ਦੇ ਜੀਵਨ-ਬ੍ਰਿਤਾਂਤ ਵੀ ਨਹੀਂ ਲਿਖੇ ਜਾ ਸਕਦੇ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਪੰਜਵੇਂ ਸਨ ਭਾਈ ਸਾਹਿਬ ਸਿੰਘ।

ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਕੁੱਝ ਦਿਨ ਪਹਿਲਾਂ ਅਚਾਨਕ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਦੋ ਕੁ ਯਾਤਰੀ ਸਿੰਘ ਮਿਲੇ, ਜਿਨ੍ਹਾਂ ਨੇ ਦਾਸ ਨੂੰ ਭਾਈ ਧਰਮ ਸਿੰਘ ਜੀ ਦੇ ਜਨਮ ਅਸਥਾਨ ਬਾਰੇ ਕੁੱਝ ਚਾਨਣਾ ਪਾਇਆ। ਇਹ ਤਾਂ ਇਤਿਹਾਸ ਵਿਚ ਲਿਖਿਆ ਹੈ ਕਿ ਆਪ ਹਸਤਨਾਪੁਰ ਦੇ ਨਿਵਾਸੀ ਸਨ, ਪਰ ਹਸਤਨਾਪੁਰ ਹੁਣ ਜ਼ਿਲ੍ਹਾ ਮੇਰਠ ਵਿਚ ਹੈ। ਗ੍ਰਾਮ ਦੇ ਨਾਮ ਬਾਰੇ ਥੋੜਾ ਚਿਰ ਹੋਇਆ ਖੋਜੀਆਂ ਨੇ ਖੋਜ ਕਰ ਕੇ ਲੱਭਿਆ ਹੈ ਕਿ ਆਪ ਦੇ ਪਿੰਡ ਦਾ ਨਾਮ ਸੈਫ਼ਪੁਰ ਹੈ। ਇਥੇ ਕਾਰ ਸੇਵਾ ਵਾਲੇ ਭਾਈ ਹਰਿਬੰਸ ਸਿੰਘ ਜੀ ਨੇ ਸੰਨ ੧੯੯੯ ਦੀ ੩੦੦ ਸਾਲਾ ਵੈਸਾਖੀ ਵਾਲੇ ਦਿਨ ਅਰਦਾਸਾ ਸੋਧ ਕੇ ਭਾਈ ਧਰਮ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਆਰੰਭ ਕਰਵਾਈ, ਜਿਸ ਉਪਰ ੨ ਕਰੋੜ ਰੁਪਿਆ ਲੱਗ ਚੁੱਕਾ ਹੈ ਤੇ ਹਰ ਸਾਲ ਵੈਸਾਖੀ ਵਾਲੇ ਦਿਨ ਦੀਵਾਨ ਸੱਜਦੇ ਹਨ, ਜਿਥੇ ਦੂਰੋਂ-ਨੇੜਿਓਂ ਕੀਰਤਨੀਏ ਅਤੇ ਕਥਾਵਾਚਕ ਪੁੱਜਦੇ ਹਨ।

ਪਿੰਡ ਸੈਫ਼ਪੁਰ ਬਾਰੇ ਉਪਰੋਕਤ ਸਿੰਘਾਂ ਨੇ ਦੱਸਿਆ ਕਿ ਉਸ ਪਿੰਡ ਵਿਚ ਸਿੱਖਾਂ ਦਾ ਕੋਈ ਘਰ ਨਹੀਂ ਹੈ। ਇਉਂ ਲੱਗਦਾ ਹੈ ਭਾਈ ਧਰਮ ਸਿੰਘ ਜੀ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਦਸਵੇਂ ਪਾਤਸ਼ਾਹ ਦੀ ਸੱਦ ਸੁਣ ਕੇ ਆਏ ਸਨ। ਅੱਗੋਂ ਸਤਿਗੁਰਾਂ ਨੇ ਖੇਡ ਹੀ ਐਸੀ ਵਰਤਾਈ ਕਿ ਮੁੜ ਕੇ ਪਿੰਡ ਨਹੀਂ ਜਾ ਸਕੇ। ਖੋਜੀਆਂ ਨੂੰ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਦੇ ਪਰਿਵਾਰ ਵਿੱਚੋਂ (ਦਾਦਕੇ ਜਾਂ ਨਾਨਕੇ) ਕੋਈ ਹਾਜ਼ਰ ਹੈ।

ਸਾਨੂੰ ਇਹ ਵੀ ਨਹੀਂ ਪਤਾ ਕਿ ਭਾਈ ਧਰਮ ਸਿੰਘ ਜੀ ਦੇ ਪਰਿਵਾਰ ਵਿਚ ਪਿੱਛੇ ਕੌਣ ਕੌਣ ਸੀ। ਆਪ ਦਸਮੇਸ਼ ਜੀ ਦੇ ਸਦਾ ਅੰਗ-ਸੰਗ ਰਹਿਣ ਕਰਕੇ ਪਿੰਡ ਜਾ ਹੀ ਨਹੀਂ ਸਕੇ, ਕਿਉਂਕਿ ਫਿਰ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਅਨੰਦਗੜ੍ਹ ਨੂੰ ਘੇਰਾ ਹੀ ਪਾ ਲਿਆ ਅਤੇ ਸ਼ਹੀਦੀਆਂ ਦਾ ਦੌਰ ਆਰੰਭ ਹੋ ਗਿਆ। ਫਿਰ ਪਿੱਛੇ ਕਿਸ ਨੇ ਮੁੜਨਾ ਸੀ।

ਹੁਣ ਸਿੱਖ ਸੰਗਤਾਂ ਭਾਈ ਧਰਮ ਸਿੰਘ ਜੀ ਦੇ ਜਨਮ ਅਸਥਾਨ 'ਤੇ ਪੁੱਜ ਕੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਹਿੱਤ ਉਥੇ ਹਰ ਵੈਸਾਖੀ 'ਤੇ ਦੀਵਾਨ ਸਜਾਉਂਦੀਆਂ ਹਨ। ਮੇਰਠ ਸ਼ਹਿਰ ਤੋਂ ੩੦ ਕੁ ਕਿਲੋਮੀਟਰ ਦੀ ਵਿੱਥ 'ਤੇ ਇਹ ਅਸਥਾਨ ਉਜਾਗਰ ਹੋਇਆ ਹੈ।

ਖ਼ਾਲਸਾ ਪੰਥ ਉਪਰ ਜੋ ਕਹਿਰ ਬਰਸਿਆ, ਉਹ ਹੁਕਮ ਅੰਦਰ ਸੀ। ਇਸ ਰੌਲੇ-ਗੌਲੇ ਵਿਚ ਅਸੀਂ ਆਪਣੇ ਸਤਿਕਾਰਯੋਗ ਅਤੇ ਦਸਮੇਸ਼ ਸਤਿਗੁਰੂ ਜੀ ਦੇ ਮਨਜ਼ੂਰੇ-ਨਜ਼ਰ ਸਿੰਘਾਂ ਦੀਆਂ ਯਾਦਾਂ ਕਾਇਮ ਕਰਨ ਵਿਚ ਅਸਮਰਥ ਰਹੇ ਹਾਂ। ਅਜੇ ਤਾਂ ਕੇਵਲ ਭਾਈ ਧਰਮ ਸਿੰਘ ਜੀ ਬਾਰੇ ਹੀ ਨਿਸ਼ਾਨਦੇਹੀ ਹੋ ਸਕੀ ਹੈ। ਗੁਰੂ ਮਿਹਰ ਕਰੇ ਹੋਰਨਾਂ ਗੁਰੂ ਦੇ ਅਤਿ ਪਿਆਰੇ ਸਿੰਘਾਂ ਦੀਆਂ ਯਾਦਗਾਰਾਂ ਵੀ ਅਸੀਂ ਲੱਭ ਕੇ ਬਣਾ ਸਕੀਏ।

# ਗੁਰੂ ਗੋਬਿੰਦ ਸਿੰਘ ਦੇ ਨਾਲ ਦਾ
## (ਪ੍ਰਕਾਸ਼ ਪੁਰਬ 'ਤੇ)

*[ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ]*

ਨਾ ਕੋਈ ਹੋਇਆ ਨਾ ਕੋਈ ਹੋਣਾ, ਗੋਬਿੰਦ ਸਿੰਘ ਦੇ ਨਾਲ ਦਾ।
ਸਰਬੰਸ ਵਾਰ ਕੇ ਸਾਰਾ, ਜਿਸ ਕੀਤਾ ਸੀ ਸ਼ੁਕਰ ਅਕਾਲ ਦਾ।
ਧੰਨ ਧੰਨ ਗੁਰੂ ਤੇਗ ਬਹਾਦਰ ਧੰਨ ਧੰਨ ਹੈ ਗੁਜਰੀ ਮਾਈ,
ਪਟਨੇ ਸ਼ਹਿਰ ਦੀ ਧਰਤੀ ਧੰਨ ਜਿਥੇ ਪ੍ਰਗਟੀ ਜੋਤ ਇਲਾਹੀ,
ਭਾਗਾਂ ਵਾਲਾ ਦਿਨ ਸੀ ਚੜ੍ਹਿਆ ਛਿਆਠਵਿਆਂ ਦੇ ਸਾਲ ਦਾ।
ਨਾ ਕੋਈ ਹੋਇਆ.................................. ।
ਪੰਡਤ ਚੱਲ ਕਸ਼ਮੀਰੋਂ ਆਏ ਕਰਕੇ ਆਸ ਵਡੇਰੀ
ਪਿਤਾ ਤੋਰਿਆ ਦਿੱਲੀ ਵੱਲ ਨੂੰ ਦਿਲ ਵਿਚ ਰੱਖ ਦਲੇਰੀ
ਪੁਜ ਕੇ ਸੀ ਬੁਲੰਦ ਹੌਂਸਲਾ ਇੱਕ ਨੌਂ ਸਾਲ ਦੇ ਬਾਲ ਦਾ।
ਨਾ ਕੋਈ ਹੋਇਆ..............................।
ਆਨੰਦਪੁਰ ਸਾਹਿਬ ਦੀ ਧਰਤੀ ਉੱਤੇ ਖੇਡੀ ਖੇਡ ਨਿਆਰੀ,
ਚਿੜੀਆਂ ਤਾਂਈ ਲਗਾਓਂਣੀ ਦੱਸੀ ਬਾਜਾਂ ਦੇ ਸੰਗ ਉਡਾਰੀ,
ਗਿੱਦੜੋਂ ਸ਼ੇਰ ਬਣਾ ਕੇ ਸਤਿਗੁਰ ਕੀਤਾ ਕੰਮ ਕਮਾਲ ਦਾ।
ਨਾ ਕੋਈ ਹੋਇਆ ..............................।
ਨਾਸ ਜ਼ੁਲਮ ਦਾ ਕਰਨ ਵਾਸਤੇ ਸੀ ਸਾਜ਼ੇ ਪੰਜ ਪਿਆਰੇ
ਪੀ ਗਏ ਜ਼ਾਮ ਸ਼ਹਾਦਤ ਪਰ ਨਾ ਸਿੱਖੀ ਸਿਦਕ ਤੋਂ ਹਾਰੇ,
ਸਵਾ ਲੱਖ ਨਾਲ ਇੱਕ ਲੜਾਉਣਾ, ਮੁੱਢ ਸੀ ਨਵੇਂ ਖ਼ਿਆਲ ਦਾ,
ਨਾ ਕੋਈ ਹੋਇਆ.........................................।
ਮਜ਼ਲੂਮਾਂ ਦੀ ਰਾਖੀ ਕੀਤੀ ਜਿਸ ਬਣ ਕੇ ਸੰਤ ਸਿਪਾਹੀ,
'ਚੋਹਲਾ' ਵਾਲਾ 'ਬੱਗਾ' ਲਿਖਦਾ ਹੈ ਉਸ ਦੀ ਵਡਿਆਈ,
ਦੇ ਕੇ ਮਾਣ ਨਿਮਾਣਿਆਂ ਨੂੰ ਜਿਹੜਾ, ਜੀਵਨ ਜਾਚ ਸਿਖਾਲ ਦਾ।
ਨਾ ਕੋਈ ਹੋਇਆ ਨਾ ਕੋਈ ਹੋਣਾ ਗੋਬਿੰਦ ਸਿੰਘ ਦੇ ਨਾਲ ਦਾ।

# ਗੁਰੂ ਗੋਬਿੰਦ ਸਿੰਘ ਜੀ
## (9 ਜਨਵਰੀ ਪ੍ਰਕਾਸ਼ ਪੁਰਬ 'ਤੇ)

*[ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ]*

ਜਿਥੇ ਖੜ੍ਹ ਗਿਆ ਗੁਰੂ ਗੋਬਿੰਦ ਸਿੰਘ, ਨਾ ਕੋਈ ਹੋਰ ਖਲੋ ਸਕਦਾ।
ਦਸਮੇਸ਼ ਪਿਤਾ ਦੇ ਵਰਗਾ ਦਾਨੀ ਦੁਨੀਆਂ ਵਿਚ ਨਹੀਂ ਹੋ ਸਕਦਾ।
ਪਹਿਲਾ ਦਾਨ ਪਿਤਾ ਦਾ ਕਰਿਆ ਡੁੱਬਦਾ ਧਰਮ ਬਚਾਉਣ ਲਈ,
ਤਿਲਕ ਜੰਞੂ ਦੀ ਰਾਖੀ ਖਾਤਰ ਸੀਸ ਦੀ ਭੇਟ ਚੜ੍ਹਾਉਣ ਲਈ,
ਕਿਹੜਾ ਬਾਲਕ ਨੌਂ ਸਾਲ ਦਾ ਜੋ ਤੋੜ ਪਿਤਾ ਤੋਂ ਮੋਹ ਸਕਦਾ।
ਦਸਮੇਸ਼ ਪਿਤਾ.........................................।

ਦੂਜੇ ਦਾਨ ਵਿਚ ਨਵਾਂ ਜੀਵਨ ਸੀ ਦਿੱਤਾ ਪੰਜ ਪਿਆਰਿਆਂ ਨੂੰ,
ਧਰਮ ਯੁੱਧ ਦੀ ਖਾਤਿਰ ਜਿਹੜੇ ਲਾਉਂਦੇ ਰਹੇ ਜੈਕਾਰਿਆਂ ਨੂੰ,
ਬੀਜਿਆ ਜਿਹੜਾ ਬੀਜ ਅਣਖ ਦਾ ਹੋਰ ਨਹੀਂ ਕੋਈ ਬੋ ਸਕਦਾ।
ਦਸਮੇਸ਼.................................................।

ਤੀਜਾ ਦਾਨ ਚਮਕੌਰ ਸਾਹਿਬ ਵਿਚ ਕੀਤਾ ਵੱਡਿਆਂ ਲਾਲਾਂ ਦਾ,
ਨਾਲ ਜੁਗਤ ਦੇ ਮੂੰਹ ਮੋੜਿਆ ਸੀ ਦੁਸ਼ਮਣ ਦੀਆਂ ਚਾਲਾਂ ਦਾ,
ਤੱਕ ਕੇ ਲਾਸ਼ ਪੁੱਤਰ ਦੀ ਜਿਹੜਾ ਹੁੰਝੂਆਂ ਤਾਈਂ ਲਕੋ ਸਕਦਾ।
ਦਸਮੇਸ਼ ਪਿਤਾ.........................................।

ਚੌਥੇ ਦਾਨ ਵਿਚ ਨਿੱਕੀਆਂ ਜਿੰਦਾਂ ਖੜ੍ਹ ਗਈਆਂ ਵਿਚ ਕੰਧ ਦੇ,
ਮਾਂ ਗੁਜ਼ਰੀ ਦਾ ਸਿਦਕ ਪਰਖ਼ਦੇ ਠੰਢੇ ਠਾਰ ਬੁਰਜ ਸਰਹੰਦ ਦੇ,
ਕੀਤਾ ਸੀ ਹਰ ਜ਼ੁਲਮ ਜ਼ਾਲਮਾਂ ਉਹਨਾਂ ਤੋਂ ਹੋ ਜੋ ਸਕਦਾ।
ਦਸਮੇਸ਼ ਪਿਤਾ......................................।

ਮਹਾਂਦਾਨ ਵਿਚ ਗਿਣਿਆ ਜਾਂਦਾ ਦਾਨ ਇਹ ਬਾਜਾਂ ਵਾਲੇ ਦਾ,
ਨਹੀਂ ਭੁਲਾਇਆ ਜਾ ਸਕਦਾ ਅਹਿਸਾਨ ਇਹ ਬਾਜਾਂ ਵਾਲੇ ਦਾ,
ਪੰਥ ਵਾਸਤੇ ਜਿਹੜਾ ਆਪਣਾ ਸਾਰਾ ਕੁੱਝ ਹੀ ਖੋਹ ਸਕਦਾ।
ਦਸਮੇਸ਼ ਪਿਤਾ......................................।

ਸਰਬੰਸ ਵਾਰ ਕੇ ਸਾਰਾ ਜਿਸ ਨੇ ਰੱਬ ਦਾ ਸ਼ੁਕਰ ਮਨਾਇਆ,
'ਚੋਹਲੇ' ਪਿੰਡ ਦੇ 'ਬੱਗੇ' ਨੇ ਹੈ ਉਸ ਨੂੰ ਸੀਸ ਨਿਵਾਇਆ,
ਕੁਰਬਾਨੀ ਦੀ ਮਾਲਾ ਵਿਚ ਜੋ ਲਖ਼ਤੇ ਜਿਗਰ ਪਰੋ ਸਕਦਾ।
ਦਸਮੇਸ਼ ਪਿਤਾ......................................।

# ਸਾਹਿਬੇ ਕਮਾਲ

*[ਪਾਂਧੀ ਨਨਕਾਣਵੀ]*

ਲਾਲੀ ਅਮਖ ਦੀ, ਭਾਰਤ ਦੇ ਮੁਖੜੇ ਤੋਂ,
ਚੂੰਢ ਲਈ ਜਾਂ, ਖ਼ੂਨੀ ਕਟਾਰੀਆਂ ਨੇ।
ਪੱਤ ਹਿੰਦ ਦੀ, ਸਰੇ-ਬਾਜ਼ਾਰ ਵਿਲਕੀ,
ਸ਼ਰਮ ਘੋਲ ਪੀਤੀ, ਜਾਂ ਸਰਦਾਰੀਆਂ ਨੇ।
ਜਿੰਦ ਰੋਈ, ਮਜ਼ਲੂਮਾਂ, ਬਦੋਸ਼ਿਆਂ ਦੀ,
ਲਾਈਆਂ ਜ਼ੁਲਮ ਨੇ, ਲਹੂ ਵਿਚ ਤਾਰੀਆਂ ਨੇ।
ਡੋਲੇ ਸੱਖਣੇ, ਹੋਏ ਸੁਹਾਗਣਾਂ ਦੇ,
ਤੜਫ ਤੜਫ ਕੇ, ਮੋਈਆਂ ਕਵਾਰੀਆਂ ਨੇ।

ਉਦੋਂ ਆਈ ਆਵਾਜ਼, ਇਹ 'ਹੇਮਕੁੰਟੋਂ',
"ਮੈਂ ਅਣਖ ਨੂੰ ਕਦੇ, ਨਹੀਂ ਮਰਨ ਦੇਣਾ।
ਡੁਲ੍ਹੀ ਹੋਈ ਮਜ਼ਲੂਮਾਂ ਦੀ ਰੱਤ ਦੀ ਸਹੁੰ,
ਹਉਕਾ ਹੁਣ ਨਹੀਂ, ਕਿਸੇ ਨੂੰ ਭਰਨ ਦੇਣਾ।"
ਚੰਨ 'ਪਟਨੇ' ਦਾ, ਵਿਹੰਦੇ ਸਾਰ ਲੋਕੋ,

ਚੰਨ ਅਰਸ਼ ਦਾ ਸੀ, ਸ਼ਰਮਸਾਰ ਹੋਇਆ।
'ਭੀਖਣਸ਼ਾਹ' ਨੂੰ 'ਮੱਕੇ' ਜੋ ਦਿਸਿਆ ਨਾ,
ਉਹਦਾ 'ਪਟਨੇ' ਵਿਚ ਦੀਦਾਰ ਹੋਇਆ।
ਸੁੱਕੇ ਸੜੇ ਮਜ਼ਲੂਮਾਂ ਦੇ ਦਿਲ ਮਉਲੇ,
ਧਰਮ ਮਉਲ ਕੇ ਮੁੜ ਗੁਲਜ਼ਾਰ ਹੋਇਆ।
ਸੂਰਜ ਹੱਕ ਇਨਸਾਫ਼ ਦਾ ਵੇਖ ਚੜ੍ਹਦਾ,
ਨ੍ਹੇਰਾ ਜ਼ੁਲਮ ਵਾਲਾ, ਤਾਰ ਤਾਰ ਹੋਇਆ।

'ਕੇਸਗੜ੍ਹ' ਦੀ ਧਰਤ 'ਚੋਂ, ਅਣਖ ਫੁੱਟੀ,
ਕੀਟਾਂ ਹਾਥੀਆਂ ਤਾਈਂ, ਪਛਾੜ ਦਿੱਤਾ।
ਮੁਗ਼ਲਸ਼ਾਹੀ ਦੀ, ਸੜੀ ਹੋਈ ਲਾਸ਼ ਉੱਤੇ,
ਉਹਨਾਂ ਸੱਚ ਦਾ ਮਹਿਲ ਉਸਾਰ ਦਿੱਤਾ।
ਸਦਕੇ ਜਾਂ 'ਭੰਗਾਣੀ' ਦੇ ਧਰਤ ਉਤੋਂ,
ਜਿਨ੍ਹੇ ਤੇਰੇ ਜਿਹਾ, ਸ਼ਾਹਸਵਾਰ ਤੱਕਿਆ।

ਸਦਕੇ ਜਾਂ 'ਨੰਦ ਲਾਲ' ਦੀ ਆਸ਼ਕੀ ਤੋਂ,
ਜਿਨ੍ਹੇ ਤੇਰਿਆਂ ਨੈਣਾਂ ਦਾ ਵਾਰ ਤੱਕਿਆ।
'ਬੁਧੂ ਸ਼ਾਹ' ਦੀ, ਅੱਖਾਂ ਤੋਂ ਜਾਂ ਸਦਕੇ,
ਵਾਲ ਵਾਲ 'ਚੋਂ ਜਿਸ ਦਿਲਦਾਰ ਤੱਕਿਆ।

ਸਦਕੇ ਜਾਂ ਕਿਉਂ ਨਾ ਜੋਗਾ ਸਿੰਘ ਉਤੋਂ,
ਜਿਨ੍ਹੇ ਤੇਰੇ ਜਿਹਾ ਪਰਿਹੇਦਾਰ ਤੱਕਿਆ।

'ਨਬੀ', 'ਗਨੀ' ਪਠਾਣਾਂ ਤੋਂ ਜਾਂ ਸਦਕੇ,
ਜਿਨ੍ਹਾਂ ਤੇਰੇ 'ਚੋਂ ਅੱਲਾਹ ਦਾ ਨੂਰ ਤੱਕਿਆ।
ਅੱਖਾਂ ਵਾਲਿਆਂ, ਏਥੇ ਉਹ ਨੂਰ ਤੱਕਿਆ,
ਜੀਹਨੂੰ 'ਮੂਸੇ' ਨੇ ਜਾ, ਕੁਹ-ਤੂਰ ਤੱਕਿਆ।

ਤੇਰੇ ਅੰਮ੍ਰਿਤ ਨਾਯਾਬ ਦੇ ਘੁੱਟ ਭਰ ਕੇ,
ਚਿੜੀਆਂ, ਬਾਜ਼ਾਂ ਦੇ ਲਹੂ ਦੇ ਘੁੱਟ ਭਰ ਲਏ।
ਮਾਲਾ ਫੇਰਦਿਆਂ ਕੋਮਲ ਉਂਗਲਾਂ ਨੇ,
ਖੰਡੇ ਲਿਸ਼ਕਦੇ ਹੋਏ, ਤੇਜ਼ ਤੇਜ਼ ਫੜ ਲਏ।
ਮੁਰਦਾ ਕੌਮ ਦੀ, ਆਤਮਾ ਫੜਕ ਉਠੀ,
ਲਹੂ-ਭਰੇ ਝਨਾਂ, ਬੇ-ਖੌਫ਼ ਤਰ ਲਏ।
ਹੱਸਦੇ ਹਸੱਦੇ ਕੰਧਾਂ ਦੇ ਵਿਚ ਚਿਣ ਗਏ,
ਸਿੱਖੀ ਸਿੱਦਕ ਦੇ ਜਿਨਵਾਂ ਨੇ ਸਬਕ ਪੜ੍ਹ ਲਏ।

ਘੁੱਟੀ ਅੰਮ੍ਰਿਤ ਦੀ, ਐਸੀ ਅਨਮੋਲ ਦਿੱਤੀ,
ਬਿਨਾਂ ਸੀਸ ਦੇ ਲੜਨ ਜਵਾਨ ਤੇਰੇ।
ਮੁਗ਼ਲ-ਸ਼ਾਹੀ ਤੂੰ, ਪੈਰੀਂ ਮਧੋਲ ਸੁੱਟੀ,
ਕੌਣ ਗਿਣੇ ਅਣਗਿਣਤ ਅਹਿਸਾਨ ਤੇਰੇ।

ਨਿਮਸਕਾਰ ਹੈ, ਗੜ੍ਹੀ 'ਚਮਕੌਰ' ਦੀ ਨੂੰ,
ਜੂਝੇ ਸੋਹਣੇ 'ਅਜੀਤ', 'ਜੁਝਾਰ' ਜਿਥੇ।
ਨਿਮਸਕਾਰ ਹੈ, ਖ਼ੂਨੀ ਸਰਹਿੰਦ ਤਾਈਂ,
ਲਾਲ ਕੰਧਾਂ ਦਾ, ਬਣੇ ਸ਼ਿੰਗਾਰ ਜਿਥੇ।
ਨਿਮਸਕਾਰ ਹੈ, ਬੁਰਜ ਦੀ ਹਿਕੜੀ ਨੂੰ,
ਕੱਟੀ ਰਾਤ 'ਗੁਜਰੀ', ਖ਼ੂੰ-ਖ਼ਾਰ ਜਿਥੇ।
ਨਿਮਸਕਾਰ ਹੈ, 'ਮਾਛੀ' ਦੇ ਜੰਗਲਾਂ ਨੂੰ,
ਜਾ ਕੇ ਸੁੱਤਾ, ਮਜ਼ਲੂਮਾਂ ਦਾ ਯਾਰ ਜਿਥੇ।

ਆਪਣੇ ਜਿਗਰ ਦਾ ਡੋਲ੍ਹ ਕੇ ਖ਼ੂਨ ਥਾਂ-ਥਾਂ,
ਹਿੰਦੁਸਤਾਨ ਦੀ, ਪਲਟੀ ਤਕਦੀਰ ਜਿਸ ਨੇ।
ਨਿਮਸਾਕਰ ਉਹਨੂੰ, ਦੋਹਾਂ ਆਲਮਾਂ ਦੀ,
ਦਿੱਤੀ ਭੇਟ 'ਪਾਂਧੀ', ਬੇ-ਨਜ਼ੀਰ ਜਿਸ ਨੇ।

# ਦਸਮੇਸ਼ ਪਿਤਾ ਜੀ ਦੀ ਬਹੁਪੱਖੀ ਸ਼ਖ਼ਸੀਅਤ

*[(ਸਵਰਗੀ) ਪ੍ਰਿ. ਹਰਿਭਜਨ ਸਿੰਘ ਜੀ, ਚੰਡੀਗੜ੍ਹ]*

ਗੁਰੂ ਨਾਨਕ ਪਾਤਸ਼ਾਹ ਜੀ ਆਦਿ ਸਮੂਹ ਗੁਰੂ ਸਾਹਿਬਾਨ ਦਾ ਪੈਗ਼ਾਮ ਸਰਬ-ਦੇਸ਼ੀ ਤੇ ਸਰਬ-ਕਾਲੀ ਸੀ। ਉਹਨਾਂ ਦੇ ਮਾਨਵ ਧਰਮ ਦੇ ਕਲੇਵਰ ਵਿਚ ਭੂਤ, ਭਵਿੱਖ ਤੇ ਵਰਤਮਾਨ, ਤਿੰਨਾਂ ਕਾਲਾਂ ਵਿਚ ਉਪਜੀ ਤੇ ਉਪਜਣ ਵਾਲੀ ਮਖ਼ਲੂਕ ਆ ਜਾਂਦੀ ਹੈ। ਸ੍ਰੀ ਦਸਮੇਸ਼ ਜੀ ਦਾ ਜਨਮ ਅਸਥਾਨ ਸ੍ਰੀ ਪਟਨਾ ਸਾਹਿਬ ਅਤੇ ਜੋਤੀ-ਜੋਤਿ ਸਮਾਉਣ ਦਾ ਮੁਕਾਮ ਸ੍ਰੀ ਅਬਚਲ ਨਗਰ (ਨਾਂਦੇੜ) ਹੋਣਾ, ਕੇਵਲ ਇਕ ਇਤਫ਼ਾਕ ਦੀ ਗੱਲ ਹੀ ਨਹੀਂ, ਸਗੋਂ ਉਪਰੋਕਤ ਮਿਸ਼ਨ ਦੀ ਹੀ ਇਕ ਅਹਿਮ ਕੜੀ ਹੈ। ਪੰਜਾਂ ਪਿਆਰਿਆਂ ਵਿਚੋਂ ਇਕ ਦਾ ਪੰਜਾਬ ਅਤੇ ਦੂਜਿਆਂ ਦਾ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਦੇ ਸ਼ਹਿਰਾਂ ਦੇ ਵਾਸੀ ਤੇ ਭਿੰਨ-ਭਿੰਨ ਜਾਤੀਆਂ ਦਾ ਹੋਣਾ ਵੀ ਜਾਤ, ਕੁਲ, ਨਸਲ ਤੇ ਦੇਸ਼ ਦੀ ਸੀਮਾ ਦੇ ਬੰਧਨਾਂ ਤੇ ਸੌੜੀ ਦ੍ਰਿਸ਼ਟੀ ਦੀ ਕੈਦ ਤੋਂ ਇਕ ਦਲੇਰਾਨਾ ਬਗ਼ਾਵਤ ਸੀ, ਜਿਸ ਵਿਚ ਦਸਵੇਂ ਨਾਨਕ, ਸ੍ਰੀ ਦਸਮੇਸ਼ ਜੀ ਨੇ ਭਰਪੂਰ ਹਿੱਸਾ ਪਾਇਆ। ਉਸ ਸਮੇਂ ਵਾਪਰ ਰਹੇ ਮਜ਼ਹਬੀ ਤੁਅੱਸਬ, ਆਰਥਿਕ ਲੁੱਟ ਖਸੁੱਟ, ਰਾਜਨੀਤਿਕ ਜਬਰ ਤੇ ਸਮਾਜਿਕ ਵਿਤਕਰਿਆਂ ਵਿਰੁੱਧ, ਨਿਰੰਕਾਰੀ ਸਤਿਗੁਰੂ ਵਲੋਂ ਜਾਰੀ ਕੀਤੇ ਗਏ ਅੰਦੋਲਨ ਦੀ ਰੂਪ-ਰੇਖਾ ਵਿਚ ਗਿਣੀ ਮਿੱਥੀ ਵਿਉਂਤ ਅਨੁਸਾਰ ਸੰਪੂਰਨ ਨਿਖਾਰ ਲਿਆਉਣਾ ਆਪ ਜੀ ਦੇ ਹਿੱਸੇ ਆਇਆ।

ਗੋਬਿੰਦ ਰਾਏ ਜੀ ਅਜੇ ਨੌਂ ਬਰਸ ਦੇ ਹੀ ਸਨ ਕਿ ਆਪ ਜੀ ਦੇ ਪੂਜਯ ਪਿਤਾ ਨੇ ਆਪਣੀ ਸ਼ਹਾਦਤ ਦੁਆਰਾ ''ਕਲਜੁਗ ਵਿਚ ਵੱਡਾ ਸਾਕਾ ਵਰਤਾਇਆ ਅਤੇ ਸਰੀਰ ਦਾ ਠੀਕਰਾ ਦਿੱਲੀ-ਪਤੀ, ਔਰੰਗਜ਼ੇਬ ਦੇ ਸਿਰ ਭੰਨ ਕੇ ਸਿੱਧ ਕੀਤਾ ਕਿ ਬ੍ਰਹਮ ਗਿਆਨੀ ਤੇ ਮਰਜੀਵੜੇ ਪ੍ਰਭੂ ਲੋਕਾਂ ਲਈ ਦੁਖ-ਸੁਖ ਸਮਾਨ ਹਨ। ਹੁਣ ਇਕ ਪਾਸੇ ਔਰੰਗਜ਼ੇਬ ਆਲਮਗੀਰ (ਸਾਰੇ ਸੰਸਾਰ ਨੂੰ ਪਕੜਨ ਵਾਲਾ) ਮੁਤਅੱਸਬੀ ਤੇ ਨਿਰਦਈ ਪਾਤਸ਼ਾਹ, ਈਰਖਾਲੂ, ਸੁਆਰਥੀ ਤੇ ਕਾਇਰ ਪਹਾੜੀ ਰਾਜੇ, ਸ਼ਰਈ ਮੌਲਾਣੇ ਤੇ ਜਾਤ ਅਭਿਮਾਨੀ ਬ੍ਰਾਹਮਣ ਸਨ, ਅਤੇ ਦੂਜੇ ਪਾਸੇ ਇਹ ਅਕਾਸ਼ ਜਿੱਡੇ ਉੱਚੇ ਇਰਾਦਿਆਂ ਤੇ ਪਰਬਤਾਂ ਜੇਹੀ ਅਹਿੱਲ ਦ੍ਰਿੜ੍ਹਤਾ ਵਾਲਾ ਅਲੌਕਿਕ 'ਬਾਲਕ'। ਦੁਨੀਆ ਸਦਾ ਕਰਾਮਾਤਾਂ ਦੇ ਮੁਅਜ਼ਜ਼ੇ ਵੇਖਣ ਦੀ ਸ਼ੈਦਾਈ ਰਹੀ ਹੈ। ਐਸਾ ਨਿਰਦਈ ਬਾਦਸ਼ਾਹ ਜੋ ਪਿਤਾ ਨੂੰ ਕੈਦ ਵਿਚ ਤਿਹਾਇਆ ਮਾਰ ਅਤੇ 'ਰਾਜ-ਸੱਤਾ' ਲਈ ਭਰਾਵਾਂ ਦੇ ਖ਼ੂਨ ਵਿਚ ਹੱਥ ਰੰਗ ਸਕਦਾ ਹੋਵੇ, ਵਿਰੁੱਧ ਮੁਕਾਬਲਤਨ ਕਿਤੇ ਘੱਟ ਸਾਜੋ ਸਾਮਾਨ ਨਾਲ ਖੜੇ ਹੋਣਾ ਤੇ ਉਸ ਨਾਲ ਸਫਲ ਟੱਕਰ ਹੋਣੀ, ਸੰਸਾਰ ਦੀ ਸਭ ਤੋਂ ਵੱਡੀ ਕਰਾਮਾਤ ਤੇ ਕ੍ਰਿਸ਼ਮਾ ਹੈ। ਲੁਤਫ਼ ਇਹ ਹੈ ਕਿ ਸਾਧਨਾਂ ਤੋਂ ਫ਼ੌਜਾਂ ਦੀ ਸ਼ਕਤੀ ਦੇ ਇਸ ਅਜੋੜ ਮੁਕਾਬਲੇ ਵਿਚ ਆਪ ਜੀ ਨੇ ਪਿਆਰਾ ਅਨੰਦਪੁਰ ਤਾਂ ਛੱਡਿਆ, ਸਾਹਿਬਜ਼ਾਦੇ ਸ਼ਹੀਦ ਕਰਾਏ, ਮਾਤਾ ਜੀ ਕੁਰਬਾਨ ਕੀਤੇ ਅਤੇ ਪ੍ਰਾਣਾਂ ਤੋਂ ਪਿਆਰੇ ਅਨੇਕ ਸਿੰਘਾਂ ਦੀ ਆਹੂਤੀ ਦਿੱਤੀ, ਪਰੰਤੂ ਉਨਮਨ ਅਵਸਥਾ, ਦ੍ਰਿੜ੍ਹਤਾ ਤੇ ਚੜ੍ਹਦੀ ਕਲਾ ਦਾ ਇਹ ਆਲਮ ਰਿਹਾ ਕਿ ਇਹ ਸਭ ਕੁਝ ਵਾਪਰਨ ਉਪਰੰਤ ਵੀ ਨਿੰਮੋਝੂਣੇ, ਉਦਾਸ ਜਾਂ ਬੇ-ਹਿੱਸ ਹੋ, ਢੇਰੀ ਢਾਹ ਬੈਠਣ ਦੀ ਥਾਂ ਬਾਦਸ਼ਾਹ ਨੂੰ ਜ਼ਫ਼ਰਨਾਮਾ (ਫ਼ਤਹਿ ਦੀ ਚਿੱਠੀ) ਲਿਖਦੇ ਹਨ। ਇਕ ਏਸ ਇਕੱਲੇ ਲਾਸਾਨੀ ਪੱਧਰ ਦੀ ਵਿਚਾਰ ਹੀ, ਸੱਚੇ ਪਾਤਸ਼ਾਹ ਦੀ ਦੁਰਲੱਭ ਦ੍ਰਿੜ੍ਹਤਾ, ਅਜੋੜ ਅਜ਼ਮਤ, ਅਦੁੱਤੀ ਸ਼ਖ਼ਸੀਅਤ ਤੇ ਪੂਰਨ ਕਰਮ ਯੋਗਤਾ ਨੂੰ ਕੋਟਾਨ ਕੋਟ ਸੂਰਜਾਂ ਤੋਂ ਵੱਧ ਪ੍ਰਕਾਸ਼ਦੀ ਹੈ। ਵੰਨਗੀ ਵਜੋਂ ਕੁਝ ਸ਼ੇਅਰ ਹਾਜ਼ਰ ਹਨ :

ਚਿੱਠੀ ਦੇ ਆਦਿ ਵਿਚ ਹੀ ਅਕਾਲ ਪੁਰਖ ਦੇ ਮੰਗਲ ਵਜੋਂ ਜੋ ਸ਼ੇਅਰ ਅੰਕਤ ਕੀਤਾ ਹੈ, ਉਹ ਪ੍ਰਭੂ ਸਿਫ਼ਤ ਅਤੇ ਅਨੁਪਰਾਸ ਅਲੰਕਾਰ ਦਾ ਬੇਹਤਰੀਨ ਨਮੂਨਾ ਹੈ -

***ਕਮਾਲਿ ਕਰਾਮਾਤ, ਕਾਇਮ, ਕਰੀਮ॥***
***ਰਜ਼ਾ ਬਖ਼ਸ਼ੋ, ਰਾਜ਼ਿਕ, ਰਹਾਕੁਨ, ਰਹੀਮ॥***

(ਹੇ ਵਾਹਿਗੁਰੂ) ਤੂੰ ਅਲੌਕਿਕ ਸ਼ਕਤੀਆਂ ਦਾ ਸਿਖਰ, ਸਦਾ ਰਹਿਣ ਵਾਲਾ ਤੇ ਕ੍ਰਿਪਾਲੂ ਹੈਂ। ਤੂੰ ਆਪਣੇ ਭਾਣੇ ਵਿਚ ਰੱਖ ਕੇ ਖੁਸ਼ੀਆਂ ਬਖ਼ਸ਼ਣ ਵਾਲਾ, ਰਿਜ਼ਕ ਦਾਤਾ, ਮੁਕਤੀ ਦਾਤਾ ਅਤੇ ਰਹਿਮ ਕਰਨ ਵਾਲਾ ਹੈਂ।

ਜਦ ਜਲਾਲ ਵਿਚ ਆ ਕੇ ਪ੍ਰਭੂ ਵਿਸ਼ਵਾਸ, ਹੱਕ

ਗੋਈ, ਦ੍ਰਿੜ੍ਹਤਾ ਤੇ ਚੜ੍ਹਦੀ ਕਲਾ ਦਾ ਵਰਣਨ ਕਰਦੇ ਹਨ ਤਾਂ ਵੇਖੋ, ਕਿਵੇਂ ਅਰਸ਼ੀ ਉਚਾਈਆਂ ਨੂੰ ਛੋਂਹਦੇ ਤੇ ਮਾਲ ਦੌਲਤ ਤੇ ਮਾਇਕੀ ਪ੍ਰਭੁਤਾ ਨੂੰ ਹੋਰ ਸਮਝਦੇ ਹਨ -

*ਹੁਮਾ ਰਾ ਕਸੇ ਸਾਇਆ, ਆਇਦ ਬਜ਼ੇਰ।*
*ਬਰੋ ਦਸਤ ਦਾ ਰਦ, ਨ ਜਾਗਿ ਦਲੇਰ।*

[ਜੇ ਕੋਈ, ਹੁਮਾ ਪੰਛੀ ਦੇ ਪਰਛਾਵੇਂ ਹੇਠ ਆ ਜਾਵੇ ਤਾਂ ਫੇਰ ਉਸ ਨੂੰ ਕਾਂ ਵਰਗਾ ਸ਼ੋਹਦਾ) ਹੱਥ ਨਹੀਂ ਪਾ ਸਕਦਾ। ਭਾਵ ਇਹ ਹੈ ਕਿ ਜਿਸ ਦੇ ਸਿਰ ਉੱਤੇ ਪਰਮੇਸ਼ਰ ਦਾ ਹੱਥ ਹੋਵੇ, ਚਲਾਕ ' ਤੇ ਛਲੀਏ ਦੁਨੀਆਦਾਰ ਉਸ ਦਾ ਕੁਝ ਨਹੀਂ ਵਿਗਾੜ ਸਕਦੇ।]

*ਕਸੇ ਪੁਸ਼ਤ ਉਫ਼ਤਦ, ਪਸਿ ਸ਼ੇਰਿ ਨਰ।*
*ਨਗੀਰਦ, ਬੁਜ਼, ਮੈਸ਼ੋਂ, ਆਹੂ ਗੁਜ਼ਰ।*

[ਜੇ ਕੋਈ ਨਰ ਸ਼ੇਰ ਦੀ ਸ਼ਰਨ ਲੈ ਲੈਂਦਾ ਹੈ, ਤਾਂ ਬੱਕਰੀ, ਭੇਡ ਤੇ ਹਿਰਨ ਉਸ ਦੇ ਲਾਗੇ ਨਹੀਂ ਫਟਕਦੇ।]

*ਤੁਰਾ ਗਰ ਨਜ਼ਰ ਹਸਤ ਲਸ਼ਕਰ ਵੀ ਜ਼ਰ*
*ਕਿ ਮਾਰਾ ਨਿਗਾਹ ਅਸਤ ਯਜ਼ਦਾਂ ਸ਼ੁਕਰ।*

[ਐ ਔਰੰਗਜ਼ੇਬ! ਜੇ ਤੇਰੀ ਨਜ਼ਰ ਆਪਣੀਆਂ ਫ਼ੌਜਾਂ ਤੇ ਖ਼ਜ਼ਾਨਿਆਂ ਉੱਤੇ ਹੈ ਤਾਂ ਸਾਡੀ ਨਿਗਾਹ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵੱਲ ਹੈ।]

*ਕਿ ਉਰਾ .ਗਰੂਰ ਅਸਤ ਬਰ ਮੁਲਕੋ ਮਾਲ।*
*ਵ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ।*

[ਜੇ ਉਹਨੂੰ (ਔਰੰਗਜ਼ੇਬ ਨੂੰ) ਆਪਣੇ ਰਾਜ ਭਾਗ ਤੇ ਮਾਲ ਦੌਲਤ ਦਾ ਮਾਣ ਹੈ, ਤਾਂ ਸਾਨੂੰ ਅਕਾਲ ਪੁਰਖ ਦੀਆਂ ਰੱਖਾਂ ਦਾ।]

*ਸ਼ਹਨਸ਼ਾਹ ਔਰੰਗਜ਼ੇਬ ਆਲਮੀਂ।*
*ਕਿ ਦਾਰਾਇ ਦੌਰ ਅਸਤ ਦੂਰਸਤ ਦੀ।*

[ਹੇ ਔਰੰਗਜ਼ੇਬ! ਇਸ ਵਿਚ ਕੋਈ ਸ਼ੱਕ ਨਹੀਂ ਕਿ ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਤੇ ਸਮੇਂ ਦਾ ਹਾਕਮ ਹੈਂ, ਪਰੰਤੂ ਤੂੰ ਸੱਚੇ ਧਰਮ ਤੋਂ ਦੂਰ ਹੈਂ।]

*ਕਿ ਅਜਬ ਅਸਤ ਇਨਸਾਫੋਂ ਦੀ ਪਰਵਰੀ।*
*ਕਿ ਹੈਫ਼ ਅਸਤ, ਸਦ ਹੈਫ਼ ਈਂ ਸਰਵਰੀ।*

[ਤੇਰਾ ਇਹ ਇਨਸਾਫ਼ ਤੇ ਧਰਮ ਪਾਲਣਾ ਅਨੋਖਾ ਹੈ। ਤੇਰੀ ਐਸੀ ਸਰਦ ਉੱਤੇ ਅਤਿ ਅਫ਼ਸੋਸ ਹੈ, ਲਾਅਨਤ ਹੈ।]

*ਚਿਹਾ ਖ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ?*
*ਕਿ ਬਾਕੀ ਬਮਾਂਦਸਤ, ਪੇਚੀਦਹ ਮਾਰ।*

[ਕੀ ਹੋਇਆ ਜੇ ਮੇਰੇ ਚਾਰ ਬੱਚੇ ਸ਼ਹੀਦ ਹੋ ਗਏ। (ਯਾਦ ਰੱਖ) ਅੱਜ ਕੁਡਲੀਆ ਭੁਯੰਗੀ (ਫਨੀਅਰ ਖਾਲਸਾ) ਬਾਕੀ ਹੈ।]

ਇਕੱਲਾ, ਨ ਮੁਆਫਿਕ ਹਾਲਾਤ ਵਿਚ ਲੜਿਆ ਚਮਕੌਰ ਦਾ ਯੁੱਧ ਹੀ, ਆਪ ਜੀ ਦੀ ਸੈਨਿਕ ਤਿਭਾ, ਦ੍ਰਿੜ੍ਹਤਾ ਤੇ ਚੜ੍ਹਦੀ ਕਲਾ ਦਰਸਾਉਣ ਲਈ ਕਾਫ਼ੀ ਹੈ। ਜ਼ਫ਼ਰਨਾਮੇ ਵਿਚ ਇਸ ਅਸਾਂਵੀਂ ਟੱਕਰ ਦਾ ਬਿਆਨ ਕਰਦੇ ਆਪ ਜੀ ਲਿਖਦੇ ਹਨ -

ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ॥

ਕਿ ਦਹ ਲਖ ਬਰਆਯਦ ਬਰੋ ਬੇਖ਼ਬਰ॥੧੯॥

[ਚਾਲੀ ਭੁੱਖੇ ਆਦਮੀ ਕੀ ਕਰ ਸਕਦੇ ਹਨ, ਜਦ ਕਿ ਉਹਨਾਂ ਉੱਤੇ ਅਚਨਚੇਤ ਦਸ ਲੱਖ ਫ਼ੌਜ ਟੁੱਟ ਪਵੇ।]

ਸ਼ਕਤੀ ਦੀ ਵਰਤੋਂ ਕਦੋਂ ਕਰਨੀ ਯੋਗ ਹੈ, ਆਪ ਲਿਖਦੇ ਹਨ -

*ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤੁ ਬੁਰਦਨ ਬ-ਸ਼ਮਸ਼ੀਰ ਦਸਤ॥੨੨॥*

[ਜਦ ਕੋਈ ਕੰਮ ਸਾਰੇ ਹੱਲਿਆਂ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਫੜਨਾ ਜਾਇਜ਼ ਹੈ।]

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਗੁਰੂ ਨਾਨਕ ਸਾਹਿਬ ਜੀ ਆਦਿ ਪਹਿਲੇ ਸਤਿਗੁਰੂਆਂ ਵਲੋਂ ਸਿਰਜੀ ਆ ਰਹੀ ਐਸੀ ਕੌਮ ਦੀ ਸੰਪੂਰਨਤਾ ਦਾ ਮਹਾਨ ਕੰਮ ਸੀ, ਜੋ ਸਦਾ ਸਦਾ ਲਈ ਪ੍ਰਭੂ ਪਿਆਰ ਤੇ ਸਿਦਕ ਨਾਲ ਸਰਸ਼ਾਰ ਹੋਵੇ, ਜਿਨ੍ਹਾਂ ਦੇ ਮਨਾਂ ਵਿਚ ਸਦਾ ਕਰਤਾਰ ਦੀ ਯਾਦ ਤੇ ਨਿਰਮਲ ਭਉ, ਦਿਲਾਂ ਵਿਚ ਸੱਚ ਲਈ ਜੂਝਣ ਦੀ ਤਾਂਘ, ਰੱਬ ਦੇ ਬੰਦਿਆਂ ਲਈ ਹਮਦਰਦੀ ਅਤੇ ਹੱਥਾਂ ਵਿਚ ਦੁਸ਼ਟਾਂ ਦਾ ਨਾਸ ਕਰਨ ਤੇ ਸੰਤਾਂ ਨੂੰ ਸੁਖ ਦੇਣ ਲਈ ਤੇਗ ਹੋਵੇ। ਉਹ ਅਣਖ ਨਾਲ ਮਰਦਾਂ ਦੀ ਮੌਤ ਮਰਨ ਤੋਂ ਸਚਿਆਰ ਜੀਊਣਾ ਜਾਣਦੇ ਹੋਣ। ਉਨ੍ਹਾਂ ਨੂੰ ਕੇਵਲ ਅਕਾਲ ਦੀ ਓਟ ਤੇ ਗੁਰ-ਸ਼ਬਦ ਦਾ ਪਰਚਾ ਹੋਵੇ। ਗੱਲ ਕੀ, ਉਹ ਹਰ ਪੱਖੋਂ ਸੰਪੂਰਨ ਪੁਰਖਾਂ ਅਥਵਾ ਸੰਤ ਸਿਪਾਹੀਆਂ ਦਾ ਪੰਥ ਹੋਵੇ।

ਭਾਵੇਂ, ਆਪ ਜੀ ਦੇ ਪੜਦਾਦਾ ਗੁਰੂ ਅਰਜਨ ਦੇਵ, ਪੂਜ ਪਿਤਾ ਅਤੇ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਆਦਿ, ਗੁਰਸਿੱਖ 'ਮੁਣਸਾ ਸੂਰਿਆ' ਵਾਲੇ ਮਾਰਗ 'ਤੇ ਚੱਲ ਕੇ ਸ਼ਹਾਦਤ ਦਾ ਜਾਮ ਨੋਸ਼ ਫੁਰਮਾ ਚੁੱਕੇ ਸਨ, ਪਰੰਤੂ ਕੁੱਝ ਸੰਖਿਆ ਵਿਚ ਅਜੇ ਕੁਰਬਾਨੀ ਦੀ ਰੂਹ ਫੂਕਣੀ ਬਾਕੀ ਸੀ। ਸਰਬੱਤ ਗੁਰਸੰਗਤ ਨੂੰ ਪੂਰਨ ਮਨੁੱਖ ਖਾਲਸਾ ਦਾ ਰੂਪ, ਗੁਣ ਤੇ ਕਰਮ ਦੇਣ ਦਾ ਨਿਰੰਕਾਰੀ ਕੰਮ ਅਜੇ ਸਰਜਾਮ ਦੇਣਾ ਰਹਿੰਦਾ ਸੀ। ਇਸ ਦੀ ਤਿਆਰੀ ਤੇ ਆਦਰਸ਼ਕ ਪੂਰਤੀ ਲਈ ਆਪ ਜੀ ਨੂੰ ਹੋਰ ੨੪ ਸਾਲ ਲਾਉਣੇ ਪਏ।

ਆਖ਼ਰ ਮਾਨਵ ਕਲਿਆਣ ਤੇ ਮਨੁੱਖ ਨੂੰ ਸਦੀਵੀ ਸਰਦਾਰੀ ਦੀ ਬਖ਼ਸ਼ਿਸ਼ ਦੀ ਉਹ ਸੁਭਾਗ ਘੜੀ ਆ ਗਈ। ਆਪ ਜੀ ਨੇ ਜਾਤ, ਕੁਲ, ਬਰਾਦਰੀ ਤੇ ਨਸਲ ਦੇ ਕੁੱਲ ਵਿਤਕਰੇ ਤੇ ਪੁਰਾਣੇ ਆਈਨ ਮਨਸੂਖ਼ ਕਰਕੇ ਇੱਕੋ ਖੰਡਾ,

ਕੁਲ ਸੰਤ ਸਿਪਾਹੀਆਂ ਦੀ ਜਮਾਤ ਕਾਇਮ ਕਰਨ ਲਈ ਸੰਮਤ ੧੭੫੬ (੧੬੯੯ ਈ.) ਦੀ ਪਾਵਨ ਵੈਸਾਖੀ ਵਾਲੇ ਦਿਨ ਚੁਣਿਆ ਅਤੇ ਪੂਰੀ ਪਰਖ ਤੇ ਪ੍ਰੀਖਿਆ ਉਪਰੰਤ ਪਹਿਲਾਂ ਨਿੱਤਰੇ, ਉਹਨਾਂ ਪੰਜਾਂ ਨੂੰ 'ਪੰਜ ਪਿਆਰੇ' ਹੋਣ ਦਾ ਮਾਣ ਬਖਸ਼ਿਆ, ਜੋ ਆਦਿ ਸਤਿਗੁਰੂ ਜੀ ਵਲੋਂ ਦਰਸਾਈ

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਅੰਗ - ੧੪੧੨*

ਦੀ ਮੁਹਾਰਨੀ ਮਨ ਬਚਨ ਤੇ ਕਰਮ ਕਰਕੇ ਦ੍ਰਿੜ੍ਹ ਕਰ ਚੁੱਕੇ ਸਨ।

ਏਥੇ ਇਹ ਵਾਦ-ਵਿਵਾਦ ਨਿਰਮੂਲ ਹੈ ਕਿ ਇਹ ਪਰਖ ਕਰਨ ਸਮੇਂ ਮਹਾਰਾਜ ਨੇ ਤੰਬੂ ਵਿਖੇ ਕੀ ਕੌਤਕ ਵਰਤਾਇਆ। ਸਤਿਗੁਰਾਂ ਵਲੋਂ ਪਰਦੇ ਵਿਚ ਰੱਖੀ ਗੱਲ ਪਰਦੇ ਵਿਚ ਰਹਿਣ ਦੇਣੀ ਉਚਿਤ ਹੈ। ਸ੍ਰੀ ਦਸਮੇਸ਼ ਜੀ ਦੀ ਅਦੁੱਤੀ ਵਡਿਆਈ ਅਥਵਾ ਅਲੌਕਿਕ ਅਜ਼ਮਤ ਤੇ ਕਰਾਮਾਤ ਇਸ ਗੱਲ ਵਿਚ ਹੈ ਕਿ ਉਹਨਾਂ ਨੇ ਹਮੇਸ਼ਾ ਲਈ ਗੁਰੂ ਜੀ ਦੇ ਦੱਸੇ ਮਾਰਗ ਉੱਤੇ ਜਾਨ ਤਕ ਦੀ ਬਾਜ਼ੀ ਲਾ ਦੇਣ ਵਾਲੇ, ਸੱਚ ਆਚਾਰੀ ਤੇ ਸਾਦਕ ਸਿੱਖਾਂ ਦੇ ਪਰੇ ਦੇ ਪਰੇ ਤਿਆਰ ਕਰਨ ਦੀ ਜਾਗ ਲਾ ਦਿੱਤੀ। ਗੁਰੂ ਸਮਾਂ ਤੋਂ ਕੁਰਬਾਨ ਹੋਣ ਵਾਲੇ ਗੁਰਸਿੱਖ ਪਰਵਾਨਿਆਂ ਨੂੰ ਆਦੇਸ਼ ਕਰ ਦਿੱਤਾ ਹੈ ਕਿ ਉਹ ਓਨਾ ਚਿਰ ਚੈਨ ਨਾਲ ਨਹੀਂ ਬੈਠਣਗੇ ਜਦ ਤਕ ਆਪ ਜੀ ਦਾ ਇਹ ਦਾਅਵਾ ਪੂਰਾ ਨਹੀਂ ਹੋ ਜਾਂਦਾ -

*ਸਾਧ ਸਮੂਹ ਪ੍ਰਸੰਨ ਫਿਰੈ ਜਗ,*
*ਸਤ੍ਰ ਸਭੈ ਅਵਲੋਕ ਚਪੈਂਗੈ ॥੭॥ ਤਵਪ੍ਰਸਾਦਿ ਸ੍ਵੱਯੇ*

## ਆਪੇ ਗੁਰ ਚੇਲਾ

ਪੰਜ ਪਿਆਰਿਆਂ ਦੀ ਤਲਵਾਰ ਦੀ ਧਾਰ ਉੱਤੇ ਚੋਣ ਕਰਨ ਤੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ਣ ਉਪਰੰਤ ਸ੍ਰੀ ਕਲਗੀਧਰ ਪਾਤਸ਼ਾਹ ਦਾ ਉਹਨਾਂ ਪਾਸੋਂ ਆਪਣੇ ਲਈ ਅੰਮ੍ਰਿਤ ਦੀ ਦਾਤ ਮੰਗਣਾ, ਇਸ ਗੱਲ ਦਾ ਸਪੱਸ਼ਟ ਸੰਕੇਤ, ਅਕੱਟ ਸਬੂਤ ਤੇ ਨਿਰਣਾ ਸੀ ਕਿ ਅੱਗੋਂ ਲਈ ਗੁਰ ਜੋਤੀ, ਗੱਦੀ ਤੇ ਪਦਵੀ ਖ਼ਾਲਸੇ ਵਿਚ ਹੀ ਵਰਤੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰੂ ਸ਼ਬਦ ਦੀ ਤਾਬਿਆ ਪੰਥ ਖ਼ਾਲਸਾ ਹੀ ਗੁਰੂ ਹੋਵੇਗਾ। ਵਿਅਕਤੀਗਤ ਗੁਰੂ ਦਾ ਸਿਲਸਿਲਾ ਉਹਨਾਂ ਤੋਂ ਬਾਅਦ ਬੰਦ ਹੋਵੇਗਾ। ਖ਼ਾਲਸਾ ਹੀ ਉਹਨਾਂ ਦਾ ਖ਼ਾਸ ਰੂਪ ਹੋਵੇਗਾ। ਖ਼ਾਲਸੇ ਦੀ ਮਹਿਮਾ ਵਿਚ ਉਚਾਰਿਆ ਇਹ ਸਵੱਯਾ ਇਹ ਪ੍ਰਗਟ ਕਰਨ ਲਈ ਕਾਫ਼ੀ ਹੈ ਕਿ ਸਾਹਿਬਾਂ ਦੇ ਦਿਲ ਵਿਚ ਖ਼ਾਲਸੇ ਲਈ ਕੀ ਅਸਥਾਨ ਸੀ, ਕਿਤਨਾ ਪਿਆਰ ਤੇ ਸਤਿਕਾਰ ਸੀ ਅਤੇ ਕਿਤਨੀ ਕ੍ਰਿਤਗਯਤਾ ਸੀ -

*ਜੁੱਧ ਜਿਤੇ ਇਨਹੀ ਕੇ ਪ੍ਰਸ਼ਾਦਿ,*
*ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,*
*ਇਨ ਹੀ ਕ੍ਰਿਪਾ ਫੁਨ ਧਾਮ ਭਰੇ ॥*
*ਇਨਹੀ ਕੇ ਸੁਬਿਦਿਆ ਲਈ,*
*ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ,*
*ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥ ਦਸਮ ਗ੍ਰੰਥ*

---

*(ਪੰਨਾ 9 ਦੀ ਬਾਕੀ)*

ਰਹਿਣਾ ਹੈ। ਜਿਸ ਭਗਉਤੀ ਰੂਪ ਖੜਗ ਖੰਡੇ ਨੂੰ ਖ਼ਾਲਸਾ ਜੀ ਨੇ ਸਦਾ ਗੋਦ ਵਿਚ ਰਖਣਾ ਹੈ, ਸੀਸ 'ਤੇ ਰੱਖਣਾ ਹੈ, ਸੀਸ 'ਤੇ ਸਤਿਕਾਰਨਾ ਹੈ, ਸੀਸ 'ਤੇ ਨਮਸਕਾਰਨਾ ਹੈ, ਸੁਆਸ ਸੁਆਸ ਚਿਤਾਰਨਾ ਹੈ। ਹਰ ਆੜੇ ਸਮੇਂ, ਦੁਖ ਸੁਖ ਸਮੇਂ, ਸਾਸ ਗ੍ਰਾਸ ਭਗਉਤੀ ਨੂੰ ਆਪਣਾ ਆਦਰਸ਼, ਵਿਲੱਖਣੀ ਉਦੇਸ਼ ਬਣਾ ਕੇ ਸਲਾਹੁਣਾ ਹੈ। ਅਰਦਾਸ ਵਿਚ ਅਰਦਾਸਾਉਣਾ ਹੈ। ਸਭ ਤੋਂ ਪ੍ਰਿਥਮ ਇਸ ਭਗਉਤੀ ਨੂੰ ਹੀ ਮੁੱਖ ਰੱਖ ਕੇ ਸਾਰੇ ਕਾਰਜ ਰਾਸ ਕਰਨ ਦੀ ਅਰਦਾਸ ਸੰਭਾਲਣੀ ਸਵਾਰਨੀ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਅਰਦਾਸ ਸਾਨੂੰ ਸਿਖਲਾਈ। ਅਰਦਾਸ ਵਿਚ ਪ੍ਰਿਥਮ ਭਗਉਤੀ' ਪਦ ਉਚਾਰ ਉਚਰਾਇ ਕੇ, ਕੋਈ ਦੇਵੀ ਪੂਜਾ ਨਹੀਂ ਦ੍ਰਿੜ੍ਹਾਈ। ਐਸਾ ਖ਼ਿਆਲ ਸਿਰਫ਼ ਕੰਬਖ਼ਤ ਤੇ ਕੱਚ-ਘਰੜ ਖ਼ਿਆਲੀਆਂ ਦਾ ਹੈ ਕਿ ਸ੍ਰੀ ਦਸਮੇਸ਼ ਜੀ ਦੀ ਦ੍ਰਿੜਾਈ ਭਗਉਤੀ ਦੇਵੀ ਹੈ। ਖ਼ਾਲਸਈ ਅਰਦਾਸ ਵਿਚ ਚੜ੍ਹਦੀ ਕਲਾ ਕੇਵਲ ਖੜਗ ਰੂਪ ਭਗਉਤੀ ਸਰੂਪ ਵਿਚ ਹੀ ਹੈ, ਨਹੀਂ ਤਾਂ ਨਿਰੀ ਢਹਿੰਦੀ ਕਲਾ ਹੈ।

ਭਗਉਤੀ ਪਦ ਦੇ ਇਸ ਉੱਚ ਆਦਰਸ਼ੀ ਸ੍ਰੀ ਦਸਮੇਸ਼ ਅਰਦਾਸ ਉਦੇਸ਼ ਤੋਂ ਊਣੇ ਤੇ ਮੁਨਹਰਫ਼ ਬੇਮੁਖ ਲੋਗ ਸਦਾ ਢਹਿੰਦੀ ਅਤੇ ਨਿਘਰਦੀ ਕਲਾ ਵਿਚ ਹੀ ਰਹਿਣਗੇ। ਉਨ੍ਹਾਂ ਨੂੰ ਨਾ ਰਾਜ-ਭਾਗ ਪ੍ਰਾਪਤ ਹੋਣਾ ਹੈ, ਨਾ ਉਨ੍ਹਾਂ ਦਾ ਪ੍ਰਮਾਰਥ ਸੰਵਰਨਾ ਹੈ, ਨਾ ਉਨ੍ਹਾਂ ਦਾ ਕੋਈ ਕਾਰਜ ਰਾਸ ਹੋਣਾ ਹੈ।

ਸ੍ਰੀ ਦਸਮੇਸ਼ ਜੀ ਦੇ ਸਿੱਖਾਂ ਪ੍ਰਤੀ ਸ੍ਰੀ ਮੁਖਵਾਕ, ਅਰਦਾਸ ਦਾ ਧੁਰਵਾ ਇਉਂ ਬੰਨ੍ਹ ਕੇ ਦਿਖਾਉਂਦੇ ਹਨ, ਸਿਖਾਉਂਦੇ ਹਨ। ਸਭ ਤੋਂ ਪਹਿਲਾਂ ਪਰ-ਉਪਕਾਰ ਦੀ ਸੂਰਮਤਾ ਭਿੰਨੀ ਔਜ ਮੌਜ ਵਿਚ ਚੜ੍ਹਦੀ ਕਲਾ ਦੀ ਸਪਿਰਟ-ਜਗਾਇਨੀ-ਖੜਗ, ਖੰਡੇ ਮਈ ਭਗਉਤੀ ਨੂੰ ਸਨਮੁਖ ਅਰਥ ਚਿਤਾਇੰਦੇ ਹਨ। ਇਸ ਚਿਤਵਨੀ ਨੂੰ ਹੀ ਪ੍ਰਿਥਮ ਭਗਉਤੀ ਸਿਮਰਨਾ ਦਸਦੇ ਹਨ। ਇਸ ਸਿਮਰਣੋਜ ਨੂੰ ਮੁਖ ਮੰਤਵ ਰਖਦੇ ਹੋਏ ਫ਼ੁਰਮਾਉਂਦੇ ਹਨ ਕਿ ਗੁਰੂ ਨਾਨਕ ਲਈਂ ਧਿਆਇ"। ਹੇ ਅਰਦਾਸ ਕਰਨਹਾਰੇ! ਤੂੰ ਧਿਆਇ ਲਈ।

'ਲਈ' ਦੀ ਈੜੀ ਨੂੰ ਜੋ ਬਿਹਾਰੀ ਹੈ, ਉਹ ਬਿੰਦੇ ਸੰਯੁਕਤ ਹੈ। ਇਸ ਬਿਧ ਗੁਰੂ ਨਾਨਕ ਦੇ ਦਸੋਂ ਜਾਮਿਆਂ ਨੂੰ ਅਰਦਾਸ ਵਿਚ ਧਿਆਉਣਾ ਹੈ, ਚੜ੍ਹਦੀ ਕਲਾ ਵਿਚ ਧਿਆਉਣਾ ਹੈ, ਨਿਰਭੈ ਹੋ ਕੇ ਧਿਆਉਣਾ ਹੈ, ਖ਼ਾਲਸਈ ਸ਼ਾਂਤ-ਬੀਰਤਾ ਭਰੀ ਸਪਿਰਿਟ ਵਿਚ ਧਿਆਉਣਾ ਹੈ। ਗੀਦੀਆਂ ਵਾਲੀ ਮੁਰਦਾ ਸ਼ਾਂਤ-ਮਈ ਨੂੰ ਪਰਹਰਨ ਤੇ ਪਰਹਰਾਉਣ ਲਈ ਇਹ ਖ਼ਾਲਸਈ ਅਰਦਾਸ ਹੈ। ਖ਼ਾਲਸਈ ਨਾਅਰੇ ਜੈਕਾਰੇ ਭੀ ਸਾਰੇ ਇਸ ਬੀਰਤਾ ਭਰਪੂਰ (ਲੀਣੀ) ਸਪਿਰਿਟ ਵਿਚ ਉਚਾਰੇ ਜਾਂਦੇ ਹਨ। ਰੋਮ ਰੋਮ ਅੰਦਰ ਜਾਗਤਿ ਜੋਤਿ ਨੂੰ, ਘਟਿ ਸਪਿਰਿਟ ਨੂੰ ਉਭਾਰਨਾ, ਪੂਰਨ ਜਾਗਤਿ ਜੋਤਿ ਨੂੰ ਘਟ ਭੀਤਰ ਜਗਾਉਣਾ ਹੈ। ਇਉਂ ਨਿਰੋਲ ਖ਼ਾਲਸਾ ਸਦਵਾਣਾ ਹੈ। ਬਸ ਨਿਰੋਲ ਖ਼ਾਲਸੇ ਨੂੰ ਸਦਾ ਸ੍ਰੀ ਖ਼ਾਲਸੇਸ਼ ਦਸਮੇਸ਼ ਜੀ ਨੂੰ ਸਾਂਗੋ-ਪਾਂਗ ਪੇਖਣਾ ਨਿਰਖਣਾ ਹੈ।

ਸਤਿਗੁਰੂ ਦਸਮੇਸ਼ ਜੀ ਨੂੰ ਸਾਂਗੋ-ਪਾਂਗ ਅੰਗਿ-ਸੰਗਿ ਨਿਰਖਣ ਪੇਖਣਹਾਰੇ ਖ਼ਾਲਸਾ ਜੀ ਨੇ ਕਦੇ ਕਿਸੇ ਅਨਿ ਮਤਿ ਕੌਮ ਦਾ ਦੁਬੈਲ ਨਹੀਂ ਹੋਣਾ। ਇਸ ਦੁਬੈਲਤਾ ਦੀ ਕੁਰੀਝ, ਰੀਤ, ਕੁਰੀਤ ਜਿਨ੍ਹਾਂ ਸਿੱਖ ਸਦਾਵਣ-ਹਾਰੇ ਪ੍ਰਾਣੀਆਂ ਅੰਦਰ ਵਰਤਦੀ ਹੈ, ਤਿਨ੍ਹਾਂ ਪ੍ਰਾਣੀਆਂ ਪ੍ਰਥਾਇ ਹੀ ਸਤਿਗੁਰੂ ਨੇ ਫ਼ੁਰਮਾਇਆ ਹੈ ਕਿ "ਮੈਂ ਨ ਕਰੋਂ ਇਨ ਕੀ ਪ੍ਰਤੀਤ। ਤਿਨ੍ਹਾਂ ਦੁਬੈਲ ਪੰਥੀਆਂ ਦੇ ਰਾਜ ਸਾਜ ਵੀ ਸਭ ਖੁੱਸ ਜਾਣੇ ਹਨ, ਆਨ ਸ਼ਾਨ ਆਬਰੂਈਆਂ ਵੀ ਸਭ ਮੁਸਿ ਜਾਣੀਆਂ ਹਨ। ਫ਼ੈਜ਼ਯਾਬ (ਕਿਰਤਾਰਥ) ਤਿਨ੍ਹਾਂ ਦੇ ਤਦੋਂ ਹੀ ਹੋਣਾ ਹੈ, ਜਦੋਂ ਮੁੜ ਕੇ ਫੇਰ ਗੁਰੂ ਨਾਨਕ ਦਸਮੇਸ਼ ਜੀ ਦਾ ਆਸਰਾ ਪਰਨਾ ਤਿਨ੍ਹਾਂ ਨੇ ਲੈਣਾ ਹੈ।

*ਦੇਗ ਤੇਗ ਫ਼ਤਹ ਨੁਸਰਤ ਬੇਦਰੰਗ॥*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥*

---

## *(ਪੰਨਾ 10 ਦੀ ਬਾਕੀ)*

ਦਾ ਅਧਿਕਾਰੀ ਹੈ। ਸਤਿਗੁਰੂ ਦੇ ਮੁਖੀ ਉਚਰੇ ਗੁਰਬਾਣੀ ਰੂਪੀ ਪਾਰਸ ਬਚਨਾਂ ਦੀ ਪਾਰਸ ਕਲਾ ਤਿਨ੍ਹਾਂ ਵਡਭਾਗੇ ਜਨਾਂ ਨੂੰ ਵਾਹਿਗੁਰੂ ਸੰਗ ਜੋੜਨ ਦਾ ਸੁਭਾਗ ਬਖਸ਼ਦੀ ਹੈ, ਜਿਨ੍ਹਾਂ ਨੂੰ ਕਿ ਸਤਿਗੁਰੂ ਸਾਹਿਬ ਅੰਮ੍ਰਿਤ ਬਚਨਾਂ ਦੀ ਦਾਤਿ ਪਾਤਰ ਬਣਾਉਂਦੇ ਹਨ। ਯਥਾ ਗੁਰਵਾਕ -

*ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥*
*ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥ ਅੰਗ - ੧੨੬੪*

ਇਸ ਗੁਰਵਾਕ ਅਨੁਸਾਰ ਅੱਜ ਇਸ ਵਰਤਮਾਨ ਕਾਲ ਅੰਦਰ ਅੰਮ੍ਰਿਤ-ਬਚਨਾਂ ਦਾ ਭੰਡਾਰ, ਗੁਰਬਾਣੀ ਰੂਪੀ ਅੰਮ੍ਰਿਤ ਬਚਨਾਂ ਦਾ ਸੁਣਾਵਣਹਾਰਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਗੁਰਵਾਕ ਦੀ ਕਸਉਟੀ ਅਨੁਸਾਰ ਕੋਈ ਭੀ ਅਲਪੱਗ ਦੇਹਧਾਰੀ ਪੁਰਸ਼ ਗੁਰੂ ਕਹਾਉਣ ਦਾ ਅਧਿਕਾਰੀ ਨਹੀਂ। ਗੁਰੂ ਬਾਣੀ ਮਈ ਅੰਮ੍ਰਿਤ ਬਚਨਾਂ ਦੀ ਸ੍ਰੋਤ ਵਣੀ ਪੈ ਸਕਦੀ ਹੈ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰਤੱਖ ਹਰਿ ਮੂਰਤ ਦੇ ਸਰੂਪ ਤੋਂ ਪੈ ਸਕਦੀ ਹੈ। ਦਸੇ ਗੁਰੂ ਪਾਤਸ਼ਾਹੀਆਂ ਦੇ ਸਰੂਪ ਪਰਤੱਖ ਗੁਰਾਂ ਦੀ ਦੇਹ, ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਹੋਰ ਕਈ ਦੇਹਧਾਰੀ ਗੁਰੂ ਅੰਮ੍ਰਿਤ ਬਚਨ ਸੁਣਾਉਣ ਦੇ ਸਮਰੱਥ ਨਹੀਂ। ਇਹ ਸਮਰੱਥਤਾ ਹੈ ਤਾਂ ਸਿਰਫ਼ ਸੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੁਣ ਪੜ੍ਹ ਕੇ ਅੰਮ੍ਰਿਤ ਬਚਨਾਂ ਦਾ ਸੁਣਾਵਣਹਾਰਾਂ ਅਤੇ ਉਚਾਰਨ ਹਾਰਾ, ਬਾਣੀ ਵਕਤਾ, ਪਾਠ ਸੁਣਾਵਣਹਾਰਾ ਪਾਠੀ, ਯਾ ਗੁਰੂ ਹੁਕਮ ਸੁਣਾਵਣਹਾਰਾ ਸੇਵਕ ਮੇਵੜਾ, ਹਰਗਿਜ਼ ਹਰਗਿਜ਼ ਹਰਗਿਜ਼ ਗੁਰੂ ਗੁਰਦੇਵ ਨਹੀਂ ਸਦਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਵਾਚ ਕੇ ਨਾਮ ਬਾਣੀ ਸੁਣਾਵਣਹਾਰਾ ਐਸਾ ਹੀ ਸਿਮਰਨ-ਦਾਤਾ ਨਹੀਂ ਹੋ ਸਕਦਾ, ਨਾ ਹੀ ਸਦਾ ਸਕਦਾ ਹੈ, ਜੈਸਾ ਕਿ ਇਕ ਇਕੱਲਾ ਅਭਿਆਸ ਜਨ ਗੁਰੂ ਦੁਆਰਿਓ ਨਾਮ ਦੀ ਦਾਤ ਪ੍ਰਾਪਤ ਕਰ ਕੇ ਅਗਾਂਹ ਕਿਸੇ ਨੂੰ ਨਾਮ ਗੁਰਮੰਤ੍ਰ ਦੀਖਿਆ ਯਾ ਸਿਮਰਨ ਨਹੀਂ ਦ੍ਰਿੜਾ ਸਕਦਾ। ਇਸ ਦਾ ਸਿਮਰਨ ਦ੍ਰਿੜਾਉਣਾ ਐਸਾ ਤੱਤ ਸਫਲਤਾ ਹੀ ਹੈ ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਨਾਮ ਬਾਣੀ ਦਾ ਪਾਠ ਮਾਤਰ ਸੁਣਾਵਣਾ ਅਪੂਰਨ ਸਫਲਤਾ ਸੁਖਦਾਇਕ ਹੈ। ਪਾਠੀ ਦਾ ਸਿਮਰਨ ਪਾਠ ਸੁਣਾਵਣਾ ਸਤਿਗੁਰੂ ਦੇ ਪਰਤੱਖ ਅੰਮ੍ਰਿਤ ਬਚਨ ਸੁਣਾਵਣ ਸਦਰਸ਼ ਨਹੀਂ, ਹਰਗਿਜ਼ ਨਹੀਂ। ਬਾਣੀ ਗੁਰਬਾਣੀ ਦੇ ਪਾਠ ਮਾਤਰ ਸੁਣਾਵਣ ਨਾਲ ਕੋਈ ਉਚੇ ਤਾਂ ਉਚਾ ਗੁਰਮੁਖਿ ਜਨ ਅੰਮ੍ਰਿਤ ਬਚਨ ਸਮਰੱਥਾ ਵਾਲੇ ਅੰਮ੍ਰਿਤ ਬਚਨਾਂ ਦੇ ਸੋਮੇ ਸਤਿਗੁਰੂ ਸਦਰਸ਼ ਨਹੀਂ ਹੋ ਸਕਦਾ, ਨਾ ਹੀ ਗੁਰਬਾਣੀ ਦੇ ਪਾਠ ਦੀ ਸੰਥਿਆ ਸਿਖਾਵਣਹਾਰਾ, ਨਾ ਹੀ ਗੁਰੂ ਬਾਣੀ, ਅੰਮ੍ਰਿਤ ਕਥਾ ਦਾ ਅਰਥਾਵਣਹਾਰਾ ਗੁਰੂ ਸਦਾ ਸਕਦਾ ਹੈ।

ਗੁਰਬਾਣੀ ਦੇ ਪਾਠ ਰੂਪੀ ਅੰਮ੍ਰਿਤ ਕਥਾ, ਪਾਰਸ ਰੂਪ ਅਕੱਥ ਕਥਾ ਕਥਨ-ਹਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਮਈ ਪਾਰਸ ਬਾਣੀ ਨਾਲ ਪਰਸ ਕੇ ਪਰਦਾ ਪਰਸਦਾ ਖ਼ੁਦ ਤਾਂ ਪਾਵਨ ਪਵਿੱਤਰ ਹੋ ਜਾਂਦਾ ਹੈ, ਸਿਮਰਨ-ਦਾਤਾ ਸਤਿਗੁਰੂ ਨਹੀਂ ਬਣ ਸਕਦਾ। ਸਤਿਗੁਰੂ ਸਾਹਿਬ ਜੀ ਦੇ ਸਾਖਯਾਤ ਸਰੂਪ ਤੋਂ ਸਰੂਪਤ ਹੋ ਕੇ ਅੰਮ੍ਰਿਤ ਬਾਣੀ ਦਾ ਪਾਠ ਸੁਣਾਵਣਹਾਰਾ ਸਤੇ ਜਨਾਂ ਉਤੇ ਭੀ ਅੰਮ੍ਰਿਤ ਬਾਣੀ ਦਾ ਪਾਰਸ ਪ੍ਰਭਾਵ ਵਰਤਣ ਵਰਤਾ ਸਕਦਾ ਹੈ ਅਤੇ ਅਣ-ਰਚਿਆਂ ਦੀ ਰੁਚੀ ਗੁਰੂ ਬਾਣੀ ਵਲ ਲਿਆ ਸਕਦਾ ਹੈ ਪਰ ਸਿਮਰਨ ਨਹੀਂ ਦ੍ਰਿੜਾ ਸਕਦਾ। ਸਿਮਰਨ ਵਾਲੀ ਰੁਚੀ ਰੁਚਿਆ

ਸਕਦਾ ਹੈ, ਪਰ ਸਿਮਰਨ-ਦਾਤਿ ਦਾ ਦਾਤਾ ਨਹੀਂ ਬਣ ਸਕਦਾ ਅਤੇ ਸਿਮਰਨ-ਦਾਤਾ-ਸਤਿਗੁਰੂ ਨਹੀਂ ਸਦਾ ਸਕਦਾ।

ਅੰਮ੍ਰਿਤ ਬਾਣੀ, ਅੰਮ੍ਰਿਤ ਨਾਮ ਮਈ ਸੁਆਂਤੀ ਬੂੰਦ ਦੇ ਚਾਤ੍ਰਿਕ ਤਿਖਹਾਰਿਆਂ ਦੇ ਕੰਠ ਅੰਦਰ ਪ੍ਰਵੇਸ਼ ਹੋ ਸਕਦੀ ਹੈ, ਤਾਂ ਕੇਵਲ ਸਤਿ ਗੁਰੂ-ਸੁਆਂਤੀ-ਬੂੰਦ-ਦਾਤੇ ਦੁਆਰਾ ਹੀ ਹੋ ਸਕਦੀ ਹੈ। ਅੰਮ੍ਰਿਤ ਬਾਣੀ ਦੇ ਭੰਡਾਰ, ਅੰਮ੍ਰਿਤ ਬਚਨਾਂ ਦੇ ਸਾਗਰ 'ਪਰਤੱਖ ਹਰਿ ਮੂਰਤਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਰਸ-ਰਸਾਇਣੀ-ਤਾਬਿਆ ਹਜ਼ੂਰੀ ਵਿਚ, ਪੰਜ ਗੁਰਮੁਖ ਪਿਆਰੇ ਹੀ ਪਾਰਸ ਰਸਾਇਣੀ ਆਕਰਖਣ ਕਲਾ ਵਰਤਾ ਸਕਦੇ ਹਨ, ਇਕੜ ਦੁਕੜ ਕੋਈ ਸਿਖ ਭੀ ਐਸਾ ਕਰਨ ਤੋਂ ਅਸਮਰਥ ਹੈ।

*(ਪੰਨਾ 17 ਦੀ ਬਾਕੀ)*

ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਪੰਥ ਦੇ ਫ਼ਲਸਫ਼ੇ ਨੂੰ, ਧਰਮ ਨੂੰ, ਲੋਕਾਈ ਨੂੰ ਬੜੀ ਮਹਾਨ ਦੇਣ ਦਿੱਤੀ ਹੈ। ਇਕ ਵਿਦਵਾਨ ਦੇ ਸ਼ਬਦਾਂ ਵਿਚ: ''ਹੈਰਾਨੀ ਹੁੰਦੀ ਹੈ ਕਿ ਇਹ ਸਾਰਾ ਕੁੱਝ ਇੱਕੋ ਹਸਤੀ ਨੇ ਸਿਰਫ਼ ਏਨੇ ਥੋੜ੍ਹੇ ਸਮੇਂ ਵਿਚ ਕੀਤਾ! ਅਸੀਂ ਤਾਂ ਉਸ ਸੱਚੇ ਪਾਤਿਸ਼ਾਹ ਦੀ ਦੇਣ ਦੀ ਸਿਫ਼ਤ ਦੇ ਯੋਗ ਵੀ ਨਹੀਂ ਹਾਂ। ਵਾਹਿਗੁਰੂ ਸਾਨੂੰ ਹਿੰਮਤ ਤੇ ਤੌਫ਼ੀਕ ਬਖ਼ਸ਼ੇ ਕਿ ਅਸੀਂ ਉਨ੍ਹਾਂ ਦੇ ਸੱਚੇ ਸਿੱਖ ਅਤੇ ਅਕਾਲ ਪੁਰਖ ਦਾ ਖ਼ਾਲਸਾ ਬਣ ਸਕੀਏ!''



# ਮਹੀਨਾ ਜਨਵਰੀ 2021 ਦੇ ਅਖੰਡ ਕੀਰਤਨ ਸਮਾਗਮ

| ਮਿਤੀ | ਵੇਰਵਾ |
|---|---|
| 02.01.2022 (ਐਤਵਾਰ) | ਭਾਈ ਗੁਰਪ੍ਰੀਤ ਸਿੰਘ ਜੀ ਦੇ ਨਿਵਾਸ # 733, ਸੈਕਟਰ 79, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਮਿਤੀ 31 ਦਸੰਬਰ 2021 ਨੂੰ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦਾ ਭੋਗ 02 ਜਨਵਰੀ 2022 ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ ਪਵੇਗਾ ਉਪਰੰਤ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਦਿਵਸ ਸੁਹੇਲਾ ਕੀਰਤਨ ਦੁਪਹਿਰ ਤੱਕ ਹੋਵੇਗਾ ਜੀ ਆਪ ਜੀ ਸਭਨਾਂ ਨੇ ਹਾਜ਼ਰੀਆਂ ਭਰਨ ਦੀ ਕ੍ਰਿਪਾਲਤਾ ਕਰਨੀ ਜੀ ਪਰਿਵਾਰ ਵੱਲੋਂ ਬਿਨੈ ਜੋਦੜੀ ਹੈ ਜੀ। |
| 02.01.2022 ਤੋਂ 06.02.2022 ਸਵੇਰ ਤੱਕ | **ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ**<br>ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਤੇ ਸਮੂਹ ਅਖੰਡ ਕੀਰਤਨੀ ਜੱਥੋਂ ਵਲੋਂ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੋ ਰਹੇ ਹਨ, 05 ਜਨਵਰੀ ਨੂੰ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਅਤੇ ਕੀਰਤਨ ਰੈਣਿ ਸੁਬਾਈ ਹੋਣਗੇ ਜੀ। |
| 09.01.2022 (ਐਤਵਾਰ) | **ਸਾਹਿਬ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਵਿੱਤਰ ਪ੍ਰਕਾਬ ਗੁਰਪੁਰਬ**<br>ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੈਕਟਰ 30ਬੀ, ਚੰਡੀਗੜ੍ਹ ਵਿਖੇ ਅਖੰਡ ਕੀਰਤਨ ਸਮਾਗਮ ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬਿਨੈ ਜੋਦੜੀ ਹੈ ਕਿ ਸਮੇਂ ਸਿਰ ਪਰਿਵਾਰਾਂ ਸਹਿਤ ਪਹੁੰਚ ਕੇ ਗੁਰਬਾਣੀ ਗਾ ਕੇ, ਸੁਣਕੇ ਲਾਹੇ ਪ੍ਰਾਪਤ ਕਰੀਏ ਜੀ। |
| 16.01.2022 (ਐਤਵਾਰ) | ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5:15 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਹੋ ਰਹੇ ਹਨ। ਇਹ ਸਮਾਗਮ ਹਰ ਮਹੀਨੇ ਦੇ ਤੀਜੇ ਐਤਵਾਰ ਨੂੰ ਚਮਕੌਰ ਦੀ ਗੜ੍ਹੀ ਦੇ ਲਾਸਾਨੀ ਮਹਾਨ ਸ਼ਹੀਦਾਂ ਦੀ ਪਵਿੱਤਰ ਯਾਦ ਵਿੱਚ ਹੁੰਦੇ ਹਨ ਜੀ। ਆਓ ਜੀ, ਆਪਾਂ ਸਾਰੇ ਸਮੂਹ ਪਰਿਵਾਰਾਂ ਸਹਿਤ ਮਹਾਨ ਸ਼ਹੀਦੀ ਅਸਥਾਨ ਵਿਖੇ ਪਹੁੰਚ ਕੇ ਪਵਿੱਤਰ ਗੁਰਬਾਣੀ ਦੇ ਲਾਹੇ ਪ੍ਰਾਪਤ ਕਰਕੇ ਆਪਣਾ ਜਨਮ ਸਫ਼ਲਾ ਕਰੀਏ ਜੀ। |
| 23.01.2022 (ਐਤਵਾਰ) | **ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ**<br>ਗੁਰਦੁਆਰਾ ਸ੍ਰੀ ਕਲਗੀਧਰ ਸਿੰਘ ਫੇਜ਼ 4 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਅਖੰਡ ਕੀਰਤਨੀ ਸਮਾਗਮ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 6:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਹੋ ਰਹੇ ਹਨ। ਸਮਾਗਮ ਦੀ ਸੇਵਾ ਗੁਰੂ ਕੇ ਲਾਲ ਗੁਰਮੁੱਖ ਪਿਆਰਿਆਂ ਵੱਲੋਂ ਹੈ ਜੀ ਆਪ ਜੀ ਸਭਨਾਂ ਨੇ ਦੀਦਾਰ ਬਖਸ਼ ਕੇ ਲਾਹੇ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ। |
| 26.01.2022 (ਬੁੱਧਵਾਰ) | ਗੁਰਦੁਆਰਾ ਸਾਚਾ ਧਨੁ ਸਾਹਿਬ ਫੇਜ਼ 3ਬੀ1, ਮੋਹਾਲੀ ਵਿਖੇ ਅਖੰਡ ਕੀਰਤਨ ਸਮਾਗਮ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5:30 ਵਜੇ ਤੋਂ ਦੁਪਹਿਰ 1:00 ਵਜੇ ਤੱਕ ਹੋ ਰਹੇ ਹਨ। ਇਹ ਸਮਾਗਮ ਭਾਈ ਰਾਜਿੰਦਰਪਾਲ ਸਿੰਘ ਜੀ (ਆਰ.ਪੀ.ਸਿੰਘ) ਬੀਬੀ ਸੁਰਿੰਦਰ ਕੌਰ ਜੀ ਅਤੇ ਸਮੂਹ ਪਰਿਵਾਰ ਵੱਲੋਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਕੋਟਾਨ ਕੋਟ ਸ਼ੁਕਰਾਨਾ ਕਰਦੇ ਹੋਏ ਕਰਵਾਏ ਜਾ ਰਹੇ ਹਨ। ਆਪ ਜੀ ਸਭਨਾਂ ਨੇ ਦੀਦਾਰ ਬਖਸ਼ਣ ਦੀ ਕ੍ਰਿਪਾਲਤਾ ਕਰਨੀ ਜੀ। |
| 30.01.2022 (ਐਤਵਾਰ) | **ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ**<br>ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸੈਕਟਰ 30ਬੀ ਚੰਡੀਗੜ੍ਹ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5:15 ਵਜੇ ਤੋਂ ਦੁਪਹਿਰ 1:00 ਵਜੇ ਤੱਕ ਹੋ ਰਹੇ ਹਨ। ਇਹ ਸਮਾਗਮ ਗੁਰਪੁਰਵਾਸੀ ਭਾਈ ਸਾਹਿਬ ਮੋਹਨ ਸਿੰਘ ਜੀ ਗਾਰਡ ਸਾਹਿਬ ਅਤੇ ਮਾਤਾ ਨਰਿੰਦਰ ਕੌਰ ਜੀ ਦੀ ਨਿੱਘੀ ਮਿੱਠੀ ਯਾਦ ਵਿੱਚ ਉਹਨਾਂ ਦੇ ਪਰਿਵਾਰ (ਭਾਈ ਪ੍ਰਿਤਪਾਲ ਸਿੰਘ ਜੀ ਅਤੇ ਸਮੂਹ ਪਰਿਵਾਰ ਵਲੋ) ਵੱਲੋਂ ਕਰਵਾਏ ਜਾ ਰਹੇ ਹਨ ਆਪ ਜੀ ਸਭਨਾਂ ਦੇ ਗੁਰਬਾਣੀ ਰਾਹੀਂ ਅਸੀਸਾਂ ਬਖਸ਼ਣੀਆਂ ਜੀ। |

**ਪ੍ਰੋਗਰਾਮਾਂ ਦੀ ਬੁਕਿੰਗ ਅਤੇ ਹੋਰ ਜਾਣਕਾਰੀ ਲਈ ਸੰਪਰਕ ਹਿੱਤ:**

**9988381739  98726-33388  9316023874  9464267956  9888951166**

**ਪ੍ਰਾਰਥਕ : ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ**




## Statement of Income & Expenditure for the Month of Dec. 2021 of *Atam Rang*

| | |
|---|---|
| 1. M/s Jai Offset Printers | 18,500.00 |
| 2. Cost of Service Stamps | 13,400.00 |
| 3. Cost of envelops & printing | 13,200.00 |
| 4. Cost of Stickers | 2,200.00 |
| 5. Previous balance | 1,40,092.00 |
| **Total Expenditure upto 31.12.2021** | **1,87,392.00** |
| Donation | 63,500.00 |
| Membership | 3,200.00 |
| **Total Income** | **66,700.00** |
| **Expenditure** | **1,87,392.00** |
| **Income** | **66,700.00** |
| **Difference** | **1,20,692.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਜਨਵਰੀ |
| ਪੂਰਨਮਾਸ਼ੀ | 17 ਜਨਵਰੀ |
| ਮੱਸਿਆ | 2 ਜਨਵਰੀ |
| ਪੰਚਮੀ | 7 ਜਨਵਰੀ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 9 ਜਨਵਰੀ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ, ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

## ਸਹਾਇਤਾ ਆਤਮ ਰੰਗ ਦਸੰਬਰ 2021 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਪਹਿਲੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 50,000.00 |
| ◆ ਅਖੰਡ ਕੀਰਤਨੀ ਜੱਥਾ, ਜਲੰਧਰ, ਜਲੰਧਰ ਸਮਾਗਮ ਸਮੇਂ ਮਾਰਫਤ ਭਾਈ ਕੁਲਵੰਤ ਸਿੰਘ ਜੀ | 5,000.00 |
| ◆ ਭਾਈ ਦਲਜੀਤ ਸਿੰਘ ਜੀ ਭੱਟੀ, ਲੁਧਿਆਣਾ ਅਪਣੇ ਪਿਤਾ ਜੀ ਦੀ ਯਾਦ ਵਿੱਚ | 3,000.00 |
| ◆ ਭਾਈ ਹਰਭਜਨ ਸਿੰਘ ਜੀ, ਚੰਡੀਗੜ੍ਹ | 500.00 |
| ◆ ਭਾਈ ਮਨਪ੍ਰੀਤ ਸਿੰਘ ਜੀ ਅਰੋੜਾ, ਲੁਧਿਆਣਾ | 5,000.00 |
| **ਕੁਲ ਜੋੜ** | **63,500.00** |

## ਰਿਸ਼ਤੇ ਨਾਤੇ

239. Looking Gursikh, well educated & well settled as Govt. Jobber or own well settled business for Harmanpreet Kaur of Nawanshahr, D.O.B. 31.03.1995, Height 5'4", M.Com., one younger brother. Contact : 98554 01864, 98886 62161

240. Looking Amritdhari (Keski wali) Gursikh girl for Hardeep Singh of Phagwara City, D.O.B. 26.11.1994, Height 5'6" M.Tech (Civil) & Acu. Own business of Acupressure 7 Massage Therapy Center. Forty thousand per month income. No sibling. Contact: 98889 62816, 98886 62161

**ਨੋਟ:-** 1. ਇਹ ਰਿਸ਼ਤੇ ਸਿਰਫ ਕੇਸਕੀ-ਧਾਰੀ ਬੱਚਿਆਂ ਲਈ ਹੀ ਹਨ ਜੀ।
2. ਪੱਤਰ-ਵਿਹਾਰ ਲਈ ਸੀਰੀਅਲ ਨੰਬਰ ਅਤੇ ਮਹੀਨਾ ਨਾਲ ਦੇ ਕੇ ਕਾਰਵਾਈ ਕੀਤੀ ਜਾਵੇ ਜੀ।

## ਮਹੀਨੇਵਾਰ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ

ਦੋਵੇਂ ਹੱਥ ਜੋੜ ਜੋਦੜੀ ਹੈ ਕਿ ਸਮੂਹ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਫਤਹਿਗੜ੍ਹ ਸਾਹਿਬ ਜੀ ਦੇ ਸਹਿਯੋਗ ਨਾਲ ਹਰ ਮਹੀਨੇ ਦੇ ਅਖੀਰਲੇ ਐਤਵਾਰ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਕੀਰਤਨ ਦਿਵਸ ਸੁਹੇਲਾ ਸਵੇਰੇ 5.00 ਤੋਂ ਸ਼ਾਮ 4.30 ਵਜੇ ਤੱਕ ਨੀਅਤ ਹੋਏ ਹਨ, ਇਸ ਲਈ ਆਏ ਦੀਦਾਰੇ ਬਖਸ਼ੋ ਜੀ।

**ਮਿਤੀ 30.01.2022 ਦਿਨ ਐਤਵਾਰ ਨੂੰ**

ਜੇਕਰ ਇਨ੍ਹਾਂ ਤਾਰੀਖਾਂ ਵਿਚ ਕੋਈ ਸੈਂਟਰਲ ਸਮਾਗਮ ਆਉਂਦਾ ਹੋਇਆ ਤਾਂ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ ਜੀ।

**ਵੱਲੋਂ :**
**ਸਮੂਹ ਸਾਧ ਸੰਗਤ ਤੇ**
**ਅਖੰਡ ਕੀਰਤਨੀ ਜੱਥਾ, ਫਤਹਿਗੜ੍ਹ ਸਾਹਿਬ**

**ਸਹਿਯੋਗੀ :**
**ਮੈਨੇਜਰ ਅਤੇ ਹੈੱਡ ਗ੍ਰੰਥੀ ਸਿੰਘ ਸਾਹਿਬ**
**ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਜੀ**

**ਮੋਬਾਇਲ** : 98150-40236, 81022-10001, 94178-10823, 98767-51085, 98763-79748, 88724-66692

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਪੁਰਬ ਤੇ**

## ਕੇਂਦਰੀ ਸਾਲਾਨਾ

# ਅਖੰਡ ਕੀਰਤਨ ਸਮਾਗਮ

## 9 ਜਨਵਰੀ 2022

ਅਖੰਡ ਕੀਰਤਨੀ ਜੱਥਾ, ਲੁਧਿਆਣਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਪੁਰਬ ਤੇ ਸਮਰਪਿਤ ਅਖੰਡ ਕੀਰਤਨ ਸਮਾਗਮ 9 ਜਨਵਰੀ 2022 ਨੂੰ ਸਵੇਰੇ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤਕ ਗੁਰਦੁਆਰਾ ਗੁਰਮਤ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਸਾਹਿਬ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਹੋ ਰਹੇ ਹਨ। ਸੰਗਤਾਂ ਹੁੰਮ-ਹੁੰਮਾ ਕੇ ਦਰਸ਼ਨ ਦਿਦਾਰੇ ਬਖਸ਼ਣ ਤੇ ਕੀਰਤਨ ਦਾ ਆਨੰਦ ਲੈਣ ਤੇ ਅਪਣਾ ਜੀਵਨ ਸਫਲਾ ਕਰਨ।

**ਦਾਸਰੇ**

**ਅਖੰਡ ਕੀਰਤਨੀ ਜੱਥਾ, ਲੁਧਿਆਣਾ**

**ਮੋਬਾਈਲ** - 98151-56014, 98156-11924

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਪੁਰਬ ਤੇ
ਸਮੂਹ ਅਖੰਡ ਕੀਰਤਨੀ ਜੱਥੇ ਵੱਲੋਂ

## ਕੇਂਦਰੀ ਸਾਲਾਨਾ

# ਅਖੰਡ ਕੀਰਤਨ ਸਮਾਗਮ

**2 ਜਨਵਰੀ 2022 ਸਵੇਰ ਤੋਂ 6 ਜਨਵਰੀ ਸਵੇਰ ਤੱਕ**

## ਗੁ: ਸ੍ਰੀ ਗੁਰੂ ਸਿੰਘ ਸਭਾ

## ਮਾਡਲ ਟਾਊਨ ਲੁਧਿਆਣਾ ਵਿਖੇ

**ਵੇਰਵਾ**

2 ਜਨਵਰੀ – ਅੰਮ੍ਰਿਤ ਵੇਲੇ ਨਿਤਨੇਮ ਉਪ੍ਰੰਤ ਕੀਰਤਨ ਆਸਾ ਦੀ ਵਾਰ 6 ਵਜੇ ਤੱਕ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ਾਮ 6 ਤੋਂ 9 ਵਜੇ ਤੱਕ ਕੀਰਤਨ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਵਿਖੇ ।

4 ਜਨਵਰੀ – ਸਵੇਰੇ 5 ਤੋਂ 6 ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਆਸਾ ਦੀ ਵਾਰ 9 ਵਜੇ ਤੱਕ ਅਤੇ ਦਿਵਸ ਸੁਹੇਲਾ ਕੀਰਤਨ ਬਾਅਦ ਦੁਪਹਿਰ 2 ਵਜੇ ਤੱਕ ਸ਼ਾਮ ਸੋਦਰ ਦੀ ਚੌਂਕੀ ਅਤੇ ਕੀਰਤਨ 5 ਤੋਂ ਰਾਤ 9 ਵਜੇ ਤੱਕ

5 ਜਨਵਰੀ – ਅੰਮ੍ਰਿਤ ਵੇਲੇ ਨਿਤਨੇਮ ਉਪ੍ਰੰਤ ਕੀਰਤਨ ਆਸਾ ਦੀ ਵਾਰ 9 ਵਜੇ ਤੱਕ ਅਤੇ ਦਿਵਸ ਸੁਹੇਲਾ ਕੀਰਤਨ ਬਾਅਦ ਦੁਪਹਿਰ ਤੱਕ
**ਰੈਣਿ ਸਬਾਈ ਕੀਰਤਨ 5 ਜਨਵਰੀ ਸ਼ਾਮ 6 ਵਜੇ ਆਰੰਭ ਹੋਣਗੇ।**

6 ਜਨਵਰੀ – ਸਵੇਰੇ 5 ਵਜੇ ਭੋਗ ਰੈਣਿ ਸਬਾਈ ਕੀਰਤਨ

**ਅੰਮ੍ਰਿਤ ਵੇਲਾ ਸਮਾਗਮ ਰੋਜ਼ਾਨਾ ਸਵੇਰੇ 2 ਤੋਂ 5 ਵਜੇ ਤੱਕ**

ਛੋਟੇ ਬੱਚਿਆਂ ਦੇ ਵਿਸ਼ੇਸ਼ ਕੀਰਤਨ ਸਮਾਗਮ : **1 ਜਨਵਰੀ** ਸ਼ਾਮ 4 ਵਜੇ ਤੋਂ ਰਾਤ 9.30 ਵਜੇ ਤੱਕ

**ਲੜੀਵਾਰ ਸਰੂਪ ਤੋਂ ਸ਼ੁਧ ਪਾਠ ਪ੍ਰੀਖਿਆ**
4 ਜਨਵਰੀ ਦੁਪਹਿਰ 1 ਵਜੇ
ਵੇਰਵੇ ਲਈ ਸੰਪਰਕ-93571-36811

**ਅੰਮ੍ਰਿਤ ਸੰਚਾਰ ਸਮਾਗਮ**
5 ਜਨਵਰੀ ਦੁਪਹਿਰ 2 ਵਜੇ
ਆਰੰਭ ਹੋਵੇਗਾ ।

**ਰਿਹਾਇਸ਼ ਅਤੇ ਲੰਗਰ**
ਸਾਰਾ ਪ੍ਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ
ਲੁਧਿਆਣਾ ਵਿਖੇ ਹੀ ਹੋਵੇਗਾ ।

**ਜ਼ਰੂਰੀ ਬੇਨਤੀਆਂ**

ਸਾਰੀਆਂ ਸੰਗਤਾਂ ਆਪਣੇ ਨੇੜੇ ਤੇੜੇ ਦੇ ਸੱਜਣਾਂ ਮਿਤਰਾਂ ਨੂੰ ਇਹਨਾਂ ਸਮਾਗਮਾਂ ਪ੍ਰਤੀ ਸੂਚਿਤ ਕਰੋ ਜੀ ਅਤੇ ਵੱਧ ਤੋਂ ਵੱਧ ਗਿਣਤੀ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ । ਜੱਥਿਆਂ ਦੇ ਰੂਪ ਵਿਚ ਆਉਣ ਵਾਲੀਆਂ ਸੰਗਤਾਂ ਪਹਿਲਾਂ ਸੂਚਿਤ ਕਰੋ ਜੀ । (2) ਅਨੰਦ ਕਾਰਜਾਂ ਵਾਲੇ ਪ੍ਰੀਵਾਰ ਪਹਿਲਾਂ ਸੂਚਿਤ ਕਰੋ ਜੀ (3) ਲੜੀਦਾਰ ਸਰੂਪ ਤੋਂ ਸ਼ੁਧ ਪਾਠ ਪ੍ਰੀਖਿਆ ਬਾਰੇ ਸਾਰਾ ਵੇਰਵਾ ਇਸ਼ਤਿਹਾਰ ਦੇ ਪਿਛਲੇ ਪਾਸੇ ਪੜੋ ਜੀ (ਸੰਪਰਕ 93571-36811) (4) ਇਹਨਾਂ ਸਾਰੇ ਸਮਾਗਮਾਂ ਦਾ ਵੇਰਵਾ ਅਤੇ ਲਾਇਵ ਟੈਲੀਕਾਸਟ www.akj.org ਤੇ ਵੀ ਦੇਖਿਆ ਜਾ ਸਕਦਾ ਹੈ । (4) www.akj.org ਤੋਂ ਇਲਾਵਾ ਹੋਰ ਕਿਸੇ ਨੂੰ ਵੀ ਕੈਮਰਾ ਲਗਾਉਣ ਦੀ ਇਜ਼ਾਜ਼ਤ ਨਹੀਂ ਹੋਵੇਗੀ (ਅਨੰਦ ਕਾਰਜ ਸਮੇਂ ਨੂੰ ਛੱਡ ਕੇ) ਬੇਨਤੀ ਪ੍ਰਵਾਨ ਕਰਨੀ ਜੀ ।

ਟਰਾਂਸਪੋਰਟ ਸਹੂਲਤ ਲਈ ਸੰਪਰਕ ਨੂੰ: 84302-00005 ਅਤੇ ਰਿਹਾਇਸ਼ ਬਾਰੇ ਪੁਛਗਿੱਛ ਲਈ ਸੰਪਰਕ 094786-54541

ਦਾਸਰੇ:
## ਅਖੰਡ ਕੀਰਤਨੀ ਜੱਥਾ ਲੁਧਿਆਣਾ

**ਪ੍ਰਬੰਧਕ ਕਮੇਟੀ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ**
**ਪ੍ਰਬੰਧਕ ਕਮੇਟੀ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਲੁਧਿਆਣਾ**

(M) 98559-98893, 93571-36811, 99146-31918, 80542-42688, 98885-53564, 95922-00929, 98151-56014

# ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ



**ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ**
**ਸੈਕਟਰ 30ਬੀ, ਚੰਡੀਗੜ੍ਹ ਵਿਖੇ**



## ਮਿਤੀ 30 ਜਨਵਰੀ 2022 ਦਿਨ ਐਤਵਾਰ

**ਸਮਾਂ : ਸਵੇਰੇ 5:15 ਵਜੇ ਤੋਂ ਦੁਪਹਿਰ 1:00 ਵਜੇ ਤੱਕ**

ਇਹ ਸਮਾਗਮ ਗੁਰਪੁਰਵਾਸੀ ਭਾਈ ਸਾਹਿਬ ਮੋਹਨ ਸਿੰਘ ਜੀ ਗਾਰਡ ਸਾਹਿਬ ਅਤੇ ਮਾਤਾ ਨਰਿੰਦਰ ਕੌਰ ਜੀ ਦੀ ਨਿੱਘੀ ਮਿੱਠੀ ਯਾਦ ਵਿੱਚ ਉਹਨਾਂ ਦੇ ਪਰਿਵਾਰ (ਭਾਈ ਪ੍ਰਿਤਪਾਲ ਸਿੰਘ ਜੀ ਅਤੇ ਸਮੂਹ ਪਰਿਵਾਰ ਵਲੋ) ਵੱਲੋਂ ਕਰਵਾਏ ਜਾ ਰਹੇ ਹਨ। ਆਪ ਜੀ ਸਭਨਾਂ ਦੇ ਗੁਰਬਾਣੀ ਰਾਹੀਂ ਅਸੀਸਾਂ ਬਖਸ਼ਣੀਆਂ ਜੀ।

ਗੁਰੂ ਸੰਗਤਾਂ ਦੇ ਦਾਸਰੇ

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ**

ਸੰਪਰਕ : 9988381739, 98726-33388, 93160-23874, 98889-51166

ਸਹਿਯੋਗੀ: ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸੈਕਟਰ 30ਬੀ, ਚੰਡੀਗੜ੍ਹ

# ਬਸੰਤ ਰੁਤ ਤੇ ਸਲਾਨਾ ਅਖੰਡ ਕੀਰਤਨ ਸਮਾਗਮ

## ਅਖੰਡ ਕੀਰਤਨੀ ਜੱਥਾ, ਪਟਿਆਲਾ ਵੱਲੋਂ

## 10 ਫਰਵਰੀ ਤੋਂ 13 ਫਰਵਰੀ 2022 ਤੱਕ

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਮਨਾਏ ਜਾ ਰਹੇ ਹਨ, ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ।**

**ਦਾਸਰੇ**

**ਅਖੰਡ ਕੀਰਤਨੀ ਜੱਥਾ, ਪਟਿਆਲਾ**

**ਮੋਬਾਈਲ** - 99142-58877

## 'ਆਤਮ ਰੰਗ' ਮਾਸਿਕ ਪੱਤਰ ਲਈ ਹੇਠ ਲਿਖੇ ਸੱਜਣਾਂ ਪਾਸ ਚੰਦੇ ਜਮ੍ਹਾਂ ਕਰਾਏ ਜਾ ਸਕਦੇ ਹਨ

- ਅੰਮ੍ਰਿਤਸਰ – (ੳ) ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ। ਫ਼ੋਨ : (0183) 2545787
  (ਅ) ਭਾਈ ਜੋਰਾਵਰ ਸਿੰਘ ਜੀ 1146/1, ਗਲੀ ਪਹਿਲਵਾਨਾਂ ਵਾਲੀ ਬਜ਼ਾਰ ਰਾਮ ਬਾਗ, ਅੰਮ੍ਰਿਤਸਰ।
  ਮੋਬਾਇਲ : 9988787083
- ਧਾਰੀਵਾਲ – ਭਾਈ ਦਵਿੰਦਰ ਸਿੰਘ, ਜੀ.ਟੀ.ਰੋਡ, ਰਣੀਆਂ, ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ। ਫ਼ੋਨ : (01874) 276555
- ਜਲੰਧਰ – (ੳ) ਭਾਈ ਬਲਜੀਤ ਸਿੰਘ ਜੀ, ਐਡਵੋਕੇਟ ਸਾਹਿਬ, ਮਕਾਨ ਨੰ. 16, ਗੰਗਾ ਰੋਡ, ਜਲੰਧਰ ਕੈਂਟ। ਮੋਬਾਇਲ – 9815964001
- ਦਿਆਲਪੁਰ – ਮਾ. ਗੁਰਬਚਨ ਸਿੰਘ, ਪਿੰਡ ਤੇ ਡਾਕ. ਦਿਆਲਪੁਰ (ਕਪੂਰਥਲਾ)। ਫ਼ੋਨ : 0181-2736644, 9988802622, 9815081102
- ਹੁਸ਼ਿਆਰਪੁਰ – (ੳ) ਜਥੇ. ਪਰਮਜੀਤ ਸਿੰਘ, ਵਿਵੇਕ ਵਿਹਾਰ, ਨਿਊ ਸਿਵਲ ਲਾਈਨ, ਵਾਰਡ ਨੰ. 14, ਹੁਸ਼ਿਆਰਪੁਰ। ਮੋ. : 98151-31079
- ਬੁਲੋਵਾਲ (ਹੁਸ਼ਿਆਰਪੁਰ) – ਭਾਈ ਸੁਖਦੇਵ ਸਿੰਘ, V.P.O. ਬਰਿਆਨਾ via ਹਰਿਆਨਾ। ਮੋਬਾਇਲ 98728-01208
- ਕਪੂਰਥਲਾ – ਡਾ. ਸਵਿੰਦਰ ਸਿੰਘ, ਪਿੰਡ ਤੇ ਡਾਕਖਾਨਾ ਨਡਾਲਾ। ਫ਼ੋਨ : (01822) 324811, ਮੋਬਾਇਲ : 98156-67757
- ਲੁਧਿਆਣਾ – (ਅ) ਭਾਈ ਵਜ਼ੀਰ ਸਿੰਘ, ਮਕਾਨ ਨੰ. 125, ਮੁਹੱਲਾ ਗੋਬਿੰਦਪੁਰਾ, ਰੇਲਵੇ ਰੋਡ, ਦੁਰਾਹਾ ਮੰਡੀ। ਫ਼ੋਨ : 01628-256161
- ਮੋਗਾ – (ੳ) ਭਾਈ ਪਰਮਿੰਦਰ ਸਿੰਘ, ਪੁਰਾਣਾ ਗੁਲਾਬੀ ਬਾਗ, ਜੀ.ਟੀ.ਰੋਡ। ਫ਼ੋਨ : 01636-226400, 9417309460, 9530718001
  (ਅ) ਭਾਈ ਨਿਧਾਨ ਸਿੰਘ ਇੰਦਰ ਸਿੰਘ, 1004/6, ਗਿੱਲ ਨਗਰ, ਦੁਸਾਂਝ ਰੋਡ। ਮੋ. 94171-76032
- ਮੁਕਤਸਰ – ਭਾਈ ਮਹਿੰਦਰ ਸਿੰਘ ਜੀ, ਗਲੀ ਨੰ. 22, ਗੋਨੇਆਣਾ ਰੋਡ, ਸ੍ਰੀ ਮੁਕਤਸਰ ਸਾਹਿਬ। ਮੋ. 94636-47265
- ਸੰਗਰੂਰ – ਭਾਈ ਤੇਜਿੰਦਰ ਸਿੰਘ ਜੀ, ਮੁਨਸੀਵਾਲਾ। ਮੋ. 98558-78292, 94170-78292
- ਬਠਿੰਡਾ – ਭਾਈ ਗੋਬਿੰਦ ਸਿੰਘ, ਮਕਾਨ ਨੰ. 7819, ਨੇੜੇ ਡੰਗਰਾਂ ਵਾਲਾ ਹਸਪਤਾਲ। ਮੋ. 94171-64180
- ਧੂਰੀ (ਸੰਗਰੂਰ) – ਭਾਈ ਹਰਭਜਨ ਸਿੰਘ, ਨੇੜੇ ਵੀਨਸ ਗੈਸ ਏਜੰਸੀ, ਗੁਰਦੁਆਰਾ ਨਾਨਕਸਰ। ਫ਼ੋਨ : (01675) 265067
- ਪਟਿਆਲਾ – (ੳ) ਭਾਈ ਪ੍ਰੀਤਮ ਸਿੰਘ ਫ਼ਾਰਮੇਸਿਸਟ ਵੈਟਰੀਨਰੀ ਹਸਪਤਾਲ। ਫ਼ੋਨ : (0175) 2206576
  (ਅ) ਪ੍ਰਿੰਸੀਪਲ ਗੁਰਮੁਖ ਸਿੰਘ, 257, ਮੁਹੱਲਾ ਡੋਗਰਾਂ, ਨੇੜੇ ਗੁਰਦੁਆਰਾ ਦਰਸ਼ਨੀ ਦਰਬਾਰ। ਫ਼ੋਨ : (0175) 2209082
- ਫਤਿਹਗੜ੍ਹ ਸਾਹਿਬ/ਸਰਹਿੰਦ (ੳ) ਭਾਈ ਅਮਰਜੀਤ ਸਿੰਘ ਜੀ ਨੰਦਪੁਰ ਕਲੌੜ, ਭਾਈ ਤਜਿੰਦਰ ਸਿੰਘ ਜੀ ਡਾਲੋਮਾਜਰੇ ਵਾਲੇ।
- ਦੋਰਾਹਾ ਭਾਈ ਵਜੀਰ ਸਿੰਘ ਦੋਰਾਹਾ। ਫੋਨ : 01628-642133, 98140-97699
  ਭਾਈ ਹਰਦੇਵ ਸਿੰਘ ਜੀ, ਜੈਪੁਰਾ ਰੋਡ, ਸੁੰਦਰ ਨਗਰ, ਦੋਰਾਹਾ ਮੰਡੀ, ਮਕਾਨ ਨੰ. 396, ਦੋਰਾਹਾ (ਲੁਧਿਆਣਾ) (95924-60237)
- ਫਗਵਾੜਾ/ਬੰਗਾ/ਨਵਾਂ ਸ਼ਹਿਰ – ਭਾਈ ਜਸਵਿੰਦਰ ਸਿੰਘ ਕਾਹਮਾ, ਕੋ-ਆਪਰੇਟਿਵ ਸ਼ੂਗਰ ਮਿਲ, ਬੰਗਾ-ਚੰਡੀਗੜ੍ਹ ਰੋਡ, ਨਵਾਂ ਸ਼ਹਿਰ। ਫ਼ੋਨ : 9463064005
- ਸਹੋੜਾ/ਕੁਰਾਲੀ – ਡਾ. ਰਣਜੀਤ ਸਿੰਘ, ਪਿੰਡ ਸਹੋੜਾ, ਜ਼ਿਲਾ ਮੋਹਾਲੀ। ਸੰਪਰਕ 97796-37757
- ਖਰੜ – ਭਾਈ ਅਜੀਤ ਸਿੰਘ, ਮਕਾਨ ਨੰ. 73, ਵਾਰਡ ਨੰ. 2, ਦਸ਼ਮੇਸ਼ ਇਨਕਲੇਵ, ਮੁੰਡੀ ਖਰੜ। ਮੋਬਾਇਲ : 94178-89320
- ਦੇਸੂਮਾਜਰਾ – ਭਾਈ ਜਸਪਾਲ ਸਿੰਘ ਜੀ, ਦੇਸੂਮਾਜਰਾ (ਗੁਰਦੁਆਰਾ ਸਾਹਿਬ ਦੇ ਨਾਲ)। ਮੋਬਾਇਲ : 9888581426
- ਰੋਪੜ – ਭਾਈ ਰਾਮ ਸਿੰਘ, ਐੱਸ.ਸੀ.ਐੱਫ 47, ਨਿਊ ਗਰੇਨ ਮਾਰਕੀਟ, ਨੇੜੇ ਗੁਰਦੁਆਰਾ ਭੱਠਾ ਸਾਹਿਬ (ਰੋਪੜ), ਫ਼ੋਨ : 9855064310
- ਅਨੰਦਪੁਰ ਸਾਹਿਬ – ਭਾਈ ਹਰਮੋਹਨ ਸਿੰਘ ਜਸਵਿੰਦਰ ਸਿੰਘ, ਦੁਕਾਨ ਨੰ. 4, ਗੁਰਦੁਆਰਾ ਕੇਸਗੜ੍ਹ ਸਾਹਿਬ ਬਿਲਡਿੰਗ। ਫ਼ੋਨ : 33511
  ਭਾਈ ਪ੍ਰਿਤਪਾਲ ਸਿੰਘ, ਗੁ. ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ੍ਹ ਰੋਡ, ਅਨੰਦਪੁਰ ਸਾਹਿਬ, ਸੰਪਰਕ – 98153-01010
- ਚੰਡੀਗੜ੍ਹ/ਮੋਹਾਲੀ – ਭਾਈ ਫੌਜਿੰਦਰ ਸਿੰਘ, 166, ਫੇਜ਼-4, ਮੋਹਾਲੀ। ਫ਼ੋਨ : 4622455
- ਅੰਬਾਲਾ ਕੈਂਟ – ਭਾਈ ਪ੍ਰਿਤਪਾਲ ਸਿੰਘ, 43, ਗੋਬਿੰਦ ਨਗਰ। ਫ਼ੋਨ : (0171) 2651759, 94160-94103
- ਯਮਨਾ ਨਗਰ/ਜਗਾਧਰੀ – (ੳ) ਭਾਈ ਜਤਿੰਦਰਪਾਲ ਸਿੰਘ, 76-L ਮਾਡਲ ਟਾਊਨ। ਫ਼ੋਨ : (01732) 230728
  (ਅ) ਭਾਈ ਦਵਿੰਦਰ ਸਿੰਘ, 525, ਲੋਹਾਰਾ ਮੁਹੱਲਾ, ਜਗਾਧਰੀ। ਫ਼ੋਨ : 9315683044
- ਦਿੱਲੀ – (ੳ) ਭਾਈ ਅਰਵਿੰਦਰ ਸਿੰਘ (ਰਾਜਾ) S-1/162 ਰਾਜਾ ਸਿੰਘ ਪੁਰਾਣਾ ਮਹਾਂਵੀਰ ਮਾਰਗ, ਤਿਲਕ ਨਗਰ। ਫ਼ੋਨ : 98183-43498
  (ਅ) ਭਾਈ ਹਰਪ੍ਰੀਤ ਸਿੰਘ J6/99 ਰਾਜੌਰੀ ਗਾਰਡਨ। ਫ਼ੋਨ : (011) 5110418
  (ੲ) Bhai Harjinder Singh ਤੇਲ ਵਾਲੇ, 10/459, ਮਹੱਲਾ ਰਾਮਗੜ੍ਹ, ਦਿੱਲੀ – 110031। ਮੋਬਾਈਲ – 98990-06748
- ਮੇਰਠ ਕੈਂਟ – ਭਾਈ ਪ੍ਰਦੀਪ ਸਿੰਘ ਜੀ, A87, ਸ਼ਾਰਧਾਪੁਰੀ, ਫੇਜ਼ II ਕੰਕਰਖੇੜਾ, ਫ਼ੋਨ : 0121-2558720 ਭਾਈ ਇਕਬਾਲ ਸਿੰਘ ਜੀ,
- ਬਰੇਲੀ – ਭਾਈ ਸੁਰਿੰਦਰ ਸਿੰਘ, Paras Traders, 140 Officers Enclave, Katamchari Nagar. (M) : 98970-04111
- ਜੈਪੁਰ – ਭਾਈ ਹਰਿਜੀਤ ਸਿੰਘ, 69/59, V.P. Road, Mansrovar, Jaipur, 09928430000
- ਮੁੰਬਈ – Bhai Hari Singh, Flat 1-4, Type C-5, Bldg. 10, Sector 5, C-B-D Belapur Gangotri Apt, New Mumbai-400614, Phone : 27564336
- ਕਾਨਪੁਰ – (ੳ) ਭਾਈ ਇੰਦਰਪਾਲ ਸਿੰਘ, ਨਨਕਾਨਾ ਟੈਕਸਟਾਈਲ, 10-ਜੰਗਾਨਾ ਮਾਰਕੀਟ, ਜੈਨਰਲ ਗੰਜ। ਫ਼ੋਨ 363431
  (ਅ) ਭਾਈ ਹਰਜਿੰਦਰ ਸਿੰਘ ਜਸਵਿੰਦਰ ਸਿੰਘ, ਮਕਾਨ ਨੰ. 94/2, ਲਿਵਰ ਕਲੋਨੀ, ਗੋਬਿੰਦ ਨਗਰ। ਮੋਬਾਈਲ – 80526-58989
- ਸ਼ਿਮਲਾ – Bhai Amardeep Singh, Sri Niwas, May Field Estate, Near Lalpani School of boys, Below Bus Stand. Mobile : 9857487898
- ਪਟਨਾ ਸਾਹਿਬ (ਬਿਹਾਰ) – ਭਾਈ ਰਣਜੀਤ ਸਿੰਘ, Nancy Traders (Calenders Wale), Khaje Kalan, Mob.: 7352668959, 9334242679
- U.S.A. - (1) Bhai Swaran Singh, 8142, Houghton Road, Bakersfield, CA 93311. Ph. : 661-836-1469
  (2) Bibi Gurcharan Kaur, 904, SAN RAMON AVE., HUNTSVILLE AL 35802. Ph. : 256-883-6798
- Australia - (1) Bhai Amarjit Singh, Bibi Rajinder Kaur, 11 Frasca Place, Kellyville NSW 2155, Sydney,
  Australia. Phone : 0061-296297868, Mobile : 0414-911-368-153-155
  - (2) Er. Jatinderpal Singh Grewal, 3, Butson Road, Leeming-6149 (W.A.) Phone: 00618-61618473
  (3) Bhai Harjeet Singh, 16, Willinga Avenue, Kiliyville Ridge, NSW, Australia, Ph.: +91 98554-59311
- England - Bh. Jasbir Singh 10 Standbridge Way, Tipton West Midlands DY4 8TS U.K. 0044-7904604670
- Canada - Bhai Gurjit Singh, 928, Lake Wood, Cres Belle River, Ontario, NOR, 1HO, Canada

**ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥**
**ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥**








ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ। ਜਿਨ੍ਹਾਂ ਦੀ ਪਹਿਲੀ ਸਲਾਨਾ ਮਿੱਠੀ ਤੇ ਨਿੱਘੀ ਯਾਦ ਸਮੂਹ ਅਖੰਡ ਕੀਰਤਨੀ ਜੱਥਿਆਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਤੀ 11 ਦਸੰਬਰ 2021 ਦਿਨ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਉਨ੍ਹਾਂ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ 9 ਵਜੇ ਤੋਂ ਲੈ ਕੇ 4 ਵਜੇ ਤਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸੈਕਟਰ 34, ਚੰਡੀਗੜ੍ਹ ਵਿਖੇ ਮਨਾਈ ਗਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

Registered with the Registrar
of News Papers of India
Regd. No. R-70727/99

# ATAM RANG

January- 2022

Postal Regd. No.
CHDG/0025/2021-23

## ਇਕ ਅਭੁਲ ਯਾਦ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ



ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ
ਮੈਗਜੀਨ ਤੇ ਮੁੱਖ ਸੇਵਾਦਾਰ, ਆਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ